ਰੰਗਾਨਾਇਕੰਮਾ

# ਡਾ. ਅੰਬੇਡਕਰ

## ਜੀਵਨ ਤੇ ਵਿਚਾਰ

# ਡਾ. ਅੰਬੇਡਕਰ

## ਜੀਵਨ ਤੇ ਵਿਚਾਰ

ਰੰਗਾਨਾਇਕੰਮਾ



ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ

(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ, ਲਖਨਊ)

Brought to you by Archive of Punjab

ਅਨੁਵਾਦ

**ਰਜਿੰਦਰ**

ਪਹਿਲੀ ਵਾਰ — ਸੰਤਬਰ 2011
ਟਾਈਟਲ ਕਵਰ — ਰਾਮਬਾਬੂ

ਪ੍ਰਕਾਸ਼ਕ : ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ
(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ, ਲਖਨਊ)

ਪਤਾ — 69, ਬਾਬਾ ਕਾ ਪੁਰਬਾ, ਪੇਪਰਮਿਲ ਰੋਡ,
ਨਿਸ਼ਾਤਗੰਜ, ਲਖਨਊ–226006

**ਕੀਮਤ : 10 ਰੁਪਏ**

Brought to you by Archive of Punjab

ਹੁਣ ਇਹ ਸਮਝਣਾ ਅਸਾਨ ਹੋ ਜਾਂਦਾ ਹੈ ਕਿ ਅੰਬੇਡਕਰ ਦੇ ਲੇਖਾਂ ਅਤੇ ਅੰਦੋਲਨਾਂ ਦੇ ਸਕਾਰਾਤਮਕ ਪਹਿਲੂ ਅਤੇ ਨਕਾਰਾਤਮਕ ਪੱਖ ਕੀ ਹਨ, ਦਲਿਤਾਂ ਦੀਆਂ ਸਮੱਸਿਆਵਾਂ ਅਤੇ ਜਾਤ ਦੇ ਸਵਾਲ ਬਾਰੇ ਸਾਨੂੰ ਕੀ ਗ੍ਰਹਿਣ ਕਰਨਾ ਚਾਹੀਦਾ ਹੈ ਅਤੇ ਕੀ ਛੱਡ ਦੇਣਾ ਚਾਹੀਦਾ ਹੈ।

- ਅੰਬੇਡਕਰ ਨੇ ਦੇਸ਼ ਦੇ ਸਾਰੇ ਲੋਕਾਂ ਨੂੰ ਛੂਆ-ਛੂਤ ਦੀ ਸਮੱਸਿਆ ਤੋਂ ਜਾਣੂ ਕਰਾਇਆ। ਉਹਨਾਂ ਇਸ ਦੁਰ-ਆਚਰਣ ਖ਼ਿਲਾਫ ਸੰਘਰਸ਼ ਨੂੰ ਸਿਆਸੀ ਹੱਕਾਂ ਦੀ ਲੜਾਈ ਦਾ ਸਰੂਪ ਦੇ ਦਿੱਤਾ।
- ਭਾਵੇਂ ਰਿਜ਼ਰਵੇਸ਼ਨ ਲਈ ਤਹਿਰੀਕ ਅੰਬੇਡਕਰ ਤੋਂ ਪਹਿਲਾਂ ਸ਼ੁਰੂ ਹੋ ਗਈ ਸੀ, ਉਹਨਾਂ ਨੇ ਉਸ ਤਹਿਰੀਕ ਨੂੰ ਤਦ ਤੱਕ ਜਾਰੀ ਰੱਖਿਆ ਜਦੋਂ ਤੱਕ ਕਿ ਰਿਜ਼ਰਵੇਸ਼ਨ ਹਾਸਲ ਨਹੀਂ ਹੋ ਗਈ। ਰਿਜ਼ਰਵੇਸ਼ਨ ਕਾਰਨ ਹੀ ਇਹ ਸੰਭਵ ਹੋ ਸਕਿਆ ਕਿ ਨੀਵੀਂ ਜਾਤ ਦੀ ਘੱਟ ਤੋਂ ਘੱਟ ਕੁੱਝ ਵਸੋਂ ਲਈ ਉੱਚ ਸਿੱਖਿਆ ਅਤੇ ਸਰਕਾਰੀ ਨੌਕਰੀਆਂ 'ਚ ਉੱਚੇ ਅਹੁੱਦੇ ਮਿਲਣੇ ਅਸਾਨ ਹੋ ਗਏ।
- ਛੂਆ-ਛੂਤ ਦੇ ਸਵਾਲ 'ਤੇ ਅੰਬੇਡਕਰ ਨੇ ਕਾਂਗਰਸ ਅਤੇ ਗਾਂਧੀ ਨੂੰ ਵੱਧ ਤੋਂ ਵੱਧ ਹੱਦ ਤੱਕ ਨੰਗਾ ਕਰ ਦਿੱਤਾ। ਜੇਕਰ ਅੰਬੇਡਕਰ ਨੇ ਉਹਨਾਂ ਨੂੰ ਨੰਗਾ ਨਾ ਕੀਤਾ ਹੁੰਦਾ ਤਾਂ ਸਾਰੇ ਲੋਕ ਹੁਣ ਤੱਕ ਵੀ ਇਹੀ ਸਮਝਦੇ ਰਹਿੰਦੇ ਕਿ ਗਾਂਧੀ ਨੂੰ ਛੂਆ-ਛੂਤ ਦੀ ਬਹੁਤ ਚਿੰਤਾ ਸੀ। ਹੁਣ ਘੱਟ ਤੋਂ ਘੱਟ ਕੁਝ ਲੋਕ ਤਾਂ ਗਾਂਧੀ ਦੀ ਸੱਚਾਈ ਜਾਣ ਚੁੱਕੇ ਸਨ।
- ਅੰਬੇਡਕਰ ਨੇ ਨਾ ਸਿਰਫ਼ ਛੂਆ-ਛੂਤ ਵਿਰੁੱਧ ਪ੍ਰਚੰਡ ਵਿਰੋਧ ਦਾ ਇਜ਼ਹਾਰ ਕੀਤਾ ਸਗੋਂ ਪੂਰੇ ਜਾਤ ਪ੍ਰਬੰਧ ਖਿਲਾਫ਼ ਉਹਨਾਂ ਨੇ ਮੁਹਿੰਮ ਛੇੜ ਦਿੱਤੀ।
- ਉਹਨਾਂ ਲੋਕਾਂ ਨੂੰ ਹਿੰਦੂ ਧਰਮ ਛੱਡਣ ਦਾ ਸੁਝਾਅ ਦਿੱਤਾ ਜਿਸ 'ਚ ਹੁਣ ਵੀ ਜਾਤ ਵਖਰੇਵਾਂ ਮੌਜੂਦ ਹੈ। ਉਹਨਾਂ ਖੁਦ ਇਸ ਧਰਮ ਨੂੰ ਛੱਡਿਆ।

ਕਿਉਂਕਿ ਇਹ ਸਾਰੇ ਨਜ਼ਰੀਏ ਨੀਵੀਂਆਂ ਜਾਤਾਂ ਦੀ ਬੇਹਤਰੀ ਲਈ ਹਨ, ਸਾਨੂੰ ਨਿਸ਼ਚਿਤ ਰੂਪ ਨਾਲ ਇਸਨੂੰ ਮੰਨਣਾ ਚਾਹੀਦਾ ਹੈ ਅਤੇ ਇਨ੍ਹਾਂ ਦਾ ਪਾਲਣ ਕਰਨਾ ਚਾਹੀਦਾ ਹੈ। ਫਿਰ ਵੀ ਇਹਨਾਂ ਨਜ਼ਰੀਆਂ ਦੇ ਨਾਲ਼-ਨਾਲ਼ ਕਈ ਅਜਿਹੇ ਨਜ਼ਰੀਏ ਵੀ ਹਨ ਜਿਹੜੇ ਨੀਵੀਂਆਂ ਜਾਤਾਂ ਨੂੰ ਬਹੁਤ ਨੁਕਸਾਨ ਪਹੁੰਚਾਉਂਦੇ ਹਨ ਅਤੇ ਇਸ ਲਈ ਇਨ੍ਹਾਂ ਨੂੰ ਪੂਰੀ ਤਰ੍ਹਾਂ ਨਾਲ਼ ਛੱਡ ਦੇਣਾ ਹੋਵੇਗਾ। ਇਹ ਅੰਬੇਡਕਰ ਦੇ ਚਰਿੱਤਰ ਦੀ ਵਿਰੋਧਤਾਈ ਹੈ। ਇਹ ਭਿਆਨਕ ਤ੍ਰਾਸਦੀ ਹੈ।

ਅੰਬੇਡਕਰ ਨੇ ਕੱਟੜਪੰਥੀਆਂ ਤੋਂ ਵੀ ਵੱਧ ਧਾਰਮਿਕ ਆਸਥਾਵਾਂ ਦਾ ਬਚਾਅ ਕੀਤਾ, ਪਰ 'ਤਰਕਵਾਦ' ਦੇ ਨਾਂ 'ਤੇ! ਉਹਨਾਂ ਨੂੰ ਬੁੱਧ ਧਰਮ 'ਚ ਕੋਈ ਤਾਰਕਿਕ ਪੱਖ ਨਹੀਂ ਮਿਲ਼ਿਆ। ਬੁੱਧ ਧਰਮ ਦੀ ਵਿਆਖਿਆ ਉਹਨਾਂ ਨੇ ਆਪਣੀ ਤਰ੍ਹਾਂ ਨਾਲ਼ ਕੀਤੀ ਅਤੇ ਜਿਹੜਾ ਵੀ ਵਰਨਣ ਕੀਤਾ ਉਸ 'ਚ ਦੂਜੇ ਧਰਮਾਂ ਵਾਂਗੂੰ ਹੀ ਅੰਧਵਿਸ਼ਵਾਸੀ ਸੰਕਲਪਾਂ ਦੀ ਭਰਮਾਰ ਹੈ। ਇਸੇ ਤਰ੍ਹਾਂ ਉਹਨਾਂ ਦਾ ਅਰਥਸ਼ਾਸਤਰ ਵੀ ਉਹੀ ਹੈ ਜਿਹੜਾ ਲੋਟੂ ਆਮਦਨੀ ਅਤੇ ਲੋਟੂ ਸੰਪੱਤੀ ਹੱਕਾਂ ਦਾ ਸਮਰਥਨ ਕਰਦਾ ਹੈ। ਉਹਨਾਂ ਦਾ ਫ਼ਲਸਫਾ, ਉਹਨਾਂ ਦੀ ਸਿਆਸਤ ਅਤੇ ਸਭ ਕੁਝ ਲੋਟੂ ਸਬੰਧਾਂ ਦੇ ਅਨੁਸਾਰੀ ਹੈ।

ਜਦੋਂ ਕੋਈ ਇਸ ਸੱਚਾਈ ਤੋਂ ਮੂੰਹ ਫੇਰ ਲੈਂਦਾ ਹੈ ਕਿ **ਕਿਰਤ** ਹੀ ਉਹ ਚੀਜ਼ ਹੈ ਜਿਹੜੀ ਇਨਸਾਨਾਂ ਅਤੇ ਜਾਨਵਰਾਂ 'ਚ ਫ਼ਰਕ ਕਰਦੀ ਹੈ ਅਤੇ ਇਹ ਕਿ ਮਨੁੱਖੀ ਸਮਾਜ **ਕਿਰਤ ਸਬੰਧਾਂ ਦਾ ਸਮੁੱਚ** ਹੁੰਦਾ ਹੈ, ਤਦ ਉਹ ਕਿਸੇ ਵੀ ਮੁੱਦੇ ਨੂੰ ਸਤਹੀ ਤੌਰ 'ਤੇ ਹੀ ਸਮਝ ਸਕਦਾ ਹੈ ਅਤੇ ਉਸ ਲਈ ਇਸਦੇ ਸਿਵਾ ਕੋਈ ਹੋਰ ਰਾਸਤਾ ਨਹੀਂ ਬਚਿਆ ਰਹਿੰਦਾ। ਜਿਹੜੇ ਲੋਕ ਕਿਰਤ ਸਬੰਧਾਂ ਵੱਲੋਂ ਅੱਖਾਂ ਮੀਟ ਲੈਂਦੇ ਹਨ ਉਹ ਅਜਿਹਾ ਹੀ ਕਰਦੇ ਹਨ। ਇਹੀ ਅੰਬੇਡਕਰ ਨੇ ਵੀ ਕੀਤਾ ਹੈ।

ਅੰਬੇਡਕਰ ਨੇ ਜਿਸ ਬੁੱਧੀ ਅਤੇ ਤਾਰਕਿਕਤਾ ਨੂੰ ਜਾਤਪਾਤ ਦੇ ਵਖਰੇਵਿਆਂ ਦੇ ਮਾਮਲੇ 'ਚ ਲਾਗੂ ਕੀਤਾ ਉਸਦਾ ਥੋੜ੍ਹਾ ਹਿੱਸਾ ਵੀ ਉਹਨਾਂ ਨੇ ਸੰਪੱਤੀ ਹੱਕਾਂ ਦੇ ਮਾਮਲੇ 'ਚ ਨਹੀਂ ਲਾਗੂ ਕੀਤਾ। ਇਸ ਲਈ ਅੰਬੇਡਕਰ ਵੀ ਕੁਲੀਨਾਂ ਦੀ ਉਸ ਕਤਾਰ 'ਚ ਸ਼ਾਮਲ ਹੋ ਗਏ ਜਿਹੜੇ ਲੋਟੂ ਸਬੰਧਾਂ ਦਾ ਸਮਰਥਨ ਕਰਦੇ ਹਨ।ਉਹ ਅਣਗਿਣਤ ਵਿਰੋਧਤਾਈਆਂ 'ਚ ਫੱਸ ਚੁੱਕੇ ਹਨ।

ਜਦੋਂ ਅੰਬੇਡਕਰ ਨੇ ਆਪਣੀ ਲੇਖਣੀ ਸ਼ੁਰੂ ਕੀਤੀ ਤਾਂ ਉਸੇ ਪਲ ਤੋਂ ਉਹਨਾਂ 'ਚ ਇਹ ਅਧਾਰ-ਵਿਹੂਣਾ ਵਿਸ਼ਵਾਸ ਘਰ ਕਰ ਗਿਆ ਕਿ ਉਹ ਇੱਕ ਮਹਾਨ ਬੁੱਧੀਜੀਵੀ ਹਨ। ਇਸ ਨਾਲ਼ ਇੱਕ ਤਰ੍ਹਾਂ ਦੇ ਗਲਤ ਤਰਕਸ਼ਾਸਤਰ ਦਾ ਜਨਮ ਹੋਇਆ, ਅਰਥਾਤ ਇਹ ਕਿ 'ਮੈਂ ਜਿਹੜਾ ਲਿਖ ਦਿੱਤਾ ਉਹ ਤਰਕਸ਼ਾਸਤਰ ਹੈ'।

ਅੰਬੇਡਕਰ ਜਦੋਂ ਵੀ ਕਿਸੇ ਸਮੱਸਿਆ ਦਾ ਅਧਿਐਨ ਕਰ ਲੈਂਦੇ ਸਨ ਤਾਂ ਹਰ ਕਦਮ 'ਤੇ ਇਹੀ ਜਤਾਉਂਦੇ ਸਨ ਕਿ ਕਿਸੇ ਨੂੰ ਵੀ ਇਸ ਸਮੱਸਿਆ ਦੀ ਵਜ੍ਹਾ ਨਹੀਂ ਮਿਲ਼ ਸਕੀ ਅਤੇ ਸਿਰਫ਼ ਮੈਂ ਇਸਨੂੰ ਲੱਭ ਲਿਆ ਹੈ।ਪਰ ਉਹਨਾਂ ਦੇ 1916 ਦੇ ਲੇਖ *ਭਾਰਤ 'ਚ ਜਾਤੀਪ੍ਰਥਾ* ਤੋਂ ਲੈ ਕੇ 1956 ਦੇ ਲੇਖ *ਬੁੱਧ ਜਾਂ ਕਾਰਲ ਮਾਰਕਸ* ਤੱਕ ਉਹਨਾਂ ਦੀ ਕੋਈ ਵੀ ਤੱਥ ਖ਼ੋਜ ਨਾ ਤਾਂ ਤਰਕਸੰਗਤ ਹੈ ਨਾ ਹੀ ਸੱਚੀ। ਇਨ੍ਹਾਂ ਲੇਖਾਂ 'ਚ ਪਾਠਕਾਂ ਨੂੰ ਅਣਗਿਣਤ ਫਰਕ ਦੇਖਣ ਨੂੰ ਮਿਲ਼ ਸਕਦੇ ਹਨ।

ਅੰਬੇਡਕਰ ਦੇ ਖੋਜ ਕਾਰਜ ਨਾਲ਼ ਕਿਸੇ ਸਮੱਸਿਆ ਦੀ ਬੁਨਿਆਦੀ ਵਜ੍ਹਾ ਕੀ ਨਿਕਲ਼ੀ ? ਜੇਕਰ ਅਸੀਂ ਉਹਨਾਂ ਦੀ ਤੱਥ ਖੋਜ ਨੂੰ ਲੜੀਵਾਰ ਤਰੀਕੇ ਨਾਲ਼ ਯਾਦ ਕਰੀਏ ਤਾਂ ਇਹ ਗੱਲ ਸਾਫ਼ ਹੋ ਜਾਵੇਗੀ।

- ਉਹਨਾਂ ਨੇ ਆਪਣੇ ਲੇਖ 'ਚ ਜਾਤਾਂ ਦੀ ਉੱਤਪਤੀ ਦਾ ਕੀ ਕਾਰਨ ਦੱਸਿਆ ? ਉਹਨਾਂ ਦਾ ਕਹਿਣਾ ਸੀ ਕਿ ਜਾਤਾਂ ਦੀ ਉਤਪਤੀ ਸਜਾਤੀ ਦੇ ਵਿਆਹ ਦੇ ਕਾਰਨ ਹੋਈ ਅਤੇ ਬ੍ਰਾਹਮਣਾਂ ਨੇ ਆਪਣੇ ਗਲ਼ਬੇ ਅਤੇ ਖਾਸ ਹੱਕਾਂ ਨੂੰ ਕਾਇਮ ਰੱਖਣ ਲਈ ਇੱਕੋ ਹੀ ਜਾਤ 'ਚ ਵਿਆਹ ਦੀ ਵਿਵਸਥਾ ਸ਼ੁਰੂ ਕੀਤੀ। ਜਿਸਦਾ ਭਾਵ ਇਹ ਹੋਇਆ ਕਿ ਬ੍ਰਾਹਮਣਾਂ ਦਾ ਗਲ਼ਬਾ ਉਸ ਸਮੇਂ ਤੋਂ ਸੀ ਜਦੋਂ ਜਾਤਾਂ ਮੌਜੂਦ ਨਹੀਂ ਸਨ ! 'ਦਾਸ' ਵਰਣ ਦੇ ਰੂਪ 'ਚ ਸ਼ੂਦਰ ਵਰਣ ਦੀ ਹੋਂਦ ਵਰਣ-ਵਿਵਸਥਾ ਦੇ ਦੌਰ 'ਚ ਵੀ ਸੀ।ਅਜਿਹੀ ਹਾਲਤ 'ਚ ਵਰਣਾਂ ਅਤੇ ਜਾਤਾਂ 'ਚ ਕੀ ਫ਼ਰਕ ਹੈ ?

ਅੰਬੇਡਕਰ ਦਾ ਕਹਿਣਾ ਹੈ ਕਿ ਇੱਕ ਅਜਿਹਾ ਸਮਾਂ ਸੀ ਜਦੋਂ ਸਿਰਫ਼ ਤਿੰਨ ਉੱਚ ਵਰਣ ਸਨ।ਉਸ ਦੌਰ 'ਚ ਜਦੋਂ ਕਿ ਅਜੇ ਚਾਰ ਵਰਣ ਹੋਂਦ 'ਚ ਨਹੀਂ ਆਏ ਸਨ, ਬ੍ਰਾਹਮਣਾਂ ਨੂੰ ਅਜਿਹੇ ਖਾਸ ਹੱਕ ਹਾਸਲ ਸਨ ਜਿਹੜੇ ਉਹਨਾਂ ਦੇ ਪੁਸ਼ਤੈਨੀ ਹੱਕ ਸਨ। ਇੱਕ ਪਾਸੇ ਤਾਂ ਇਨ੍ਹਾਂ ਨੇ ਅਜਿਹੇ ਖਾਸ ਹੱਕਾਂ ਬਾਰੇ ਦੱਸਿਆ ਅਤੇ ਉੱਥੇ ਦੂਜੇ ਪਾਸੇ ਇਹਨਾਂ ਦਾ ਤਰਕ ਇਹ ਸੀ ਕਿ ਵਰਣ ਪੁਸ਼ਤੈਨੀ ਨਹੀਂ ਸਨ ਸਗੋਂ ਸਿਰਫ਼ ਜਾਤਾਂ ਪੁਸ਼ਤੈਨੀ ਸਨ।

ਇੱਕ ਹੀ ਵਿਅਕਤੀ, ਜਿਸਨੇ ਕਿ ਤਿੰਨ ਵਰਣਾਂ ਦੇ ਸਮੇਂ ਦੌਰਾਨ ਵਰਣਾਂ ਨੂੰ ਪੁਸ਼ਤੈਨੀ ਦੱਸਿਆ ਸੀ, ਉਸਨੇ ਅਨੇਕਾਂ ਗਡਮੱਢ ਤਰਕ ਪੇਸ਼ ਕੀਤੇ, ਜਿਵੇਂ ਕਿ ਚਾਰ ਵਰਣਾਂ ਦੇ ਦੌਰ ਵਿੱਚ ਚਾਰ ਸਾਲਾਂ ਦੇ ਦੌਰ ਵਿੱਚ ਇੱਕ ਵਾਰ ਵਰਣ ਪਰਿਵਰਤਨ ਹੋਇਆ ਕਰਦਾ ਸੀ, ਇਹ ਕਿ ਬ੍ਰਾਹਮਣ ਅਤੇ ਸ਼ੂਦਰ ਪਰਸਪਰ ਸ਼ੂਦਰ ਅਤੇ ਬ੍ਰਾਹਮਣ ਹੋ ਜਾਂਦੇ ਸਨ, ਇਹ ਕਿ ਸ਼ੂਦਰ ਵੀ ਗੁਰੂਕੁਲਾਂ 'ਚ 12 ਵਰ੍ਹਿਆਂ ਤੱਕ ਪੜ੍ਹਾਈ ਕਰਦੇ ਸਨ ਅਤੇ ਇਹ ਕਿ ਨੀਵੀਂ ਜਾਤ ਦੇ ਲੋਕਾਂ ਨੇ ਸਵੈ-ਇੱਛਾ ਨਾਲ਼ ਖੁਦ ਹੀ ਜਾਤ ਵਿਵਸਥਾ ਬਣਾ ਲਈ।

ਉਹਨਾਂ ਨੇ ਜਾਤਾਂ ਦੀ ਸਮੱਸਿਆ 'ਚੋਂ 'ਵਾਧੂ ਔਰਤਾਂ ਅਤੇ ਵਾਧੂ ਪੁਰਸ਼ਾਂ' ਦੇ ਤਰਕ ਨੂੰ ਜਨਮ ਦਿੱਤਾ। ਇਸ ਗੱਲ ਦੀ ਉਹਨਾਂ ਨੂੰ ਜ਼ਰਾ ਵੀ ਸਹਿਜਬੁੱਧੀ ਨਹੀਂ ਸੀ ਕਿ ਜਦੋਂ ਪੁਰਸ਼ (ਰੰਡਾ) ਅਤੇ ਔਰਤ (ਰੰਡੀ) ਦੋਨੋਂ ਮੌਜੂਦ ਹਨ ਤਾਂ ਉਹਨਾਂ ਦੇ ਮੁੜ-ਵਿਆਹ 'ਚ ਕੋਈ ਸਮੱਸਿਆ ਰਾਹ ਦਾ ਰੋੜਾ ਨਹੀਂ ਬਣੇਗੀ, ਉਹਨਾਂ ਦਾ ਤਰਕ ਇਹ ਸੀ ਕਿ ਸਤੀ ਵਰਗੀਆਂ ਸਮੱਸਿਆਵਾਂ ਪੈਦਾ ਹੋਈਆਂ ਅਤੇ ਇਹ ਦਾਅਵਾ ਕੀਤਾ ਕਿ ਇੱਕਲੇ ਉਹਨਾਂ ਨੇ ਇਸ ਤੱਥ ਦੀ ਖੋਜ ਕੀਤੀ।

ਉਹ ਕਦੇ ਤਾਂ ਇਹ ਕਹਿੰਦੇ ਸਨ ਕਿ 'ਵਰਣ-ਵਿਵਸਥਾ ਜਾਤ-ਵਿਵਸਥਾ ਤੋਂ ਉੱਤਮ ਹੈ' ਅਤੇ ਕਦੇ ਇਹ ਕਹਿੰਦੇ ਸਨ ਕਿ ਇੱਕ "ਨਾਗਨਾਥ" ਹੈ ਤਾਂ ਦੂਜਾ "ਸੱਪਨਾਥ" — ਕੀ ਅਜਿਹੇ ਭਰਮ-ਪਾਉ ਤਰਕਾਂ ਤੋਂ ਅੰਬੇਦਕਰ ਇਸ ਬਾਰੇ ਦੱਸ ਸਕਦੇ ਸਨ ਕਿ ਜਾਤਾਂ ਦੀ ਉਤਪਤੀ ਕਿਵੇਂ ਹੋਈ ਅਤੇ ਵਰਣ-ਵਿਵਸਥਾ ਅਤੇ ਜਾਤ-ਵਿਵਸਥਾ 'ਚ ਕੀ ਫ਼ਰਕ ਹੈ ?

- ਠੀਕ ਹੈ! ਪਰ *ਸ਼ੂਦਰ ਕੌਣ ਸਨ ?* ਨਾਮਕ ਲੇਖ 'ਚ ਉਹਨਾਂ ਨੇ ਕਿਸ ਗੱਲ ਦੀ ਖੋਜ ਕੀਤੀ ? ਉਹਨਾਂ ਨੇ ਇਹ ਘੜ੍ਹਨਾ ਸ਼ੁਰੂ ਕੀਤਾ ਕਿ ਸ਼ੂਦਰ ਸ਼ਾਖਾ ਦੇ ਖੱਤਰੀ ਸੂਰਿਆਵੰਸ਼ੀ ਸਨ ਅਤੇ ਵੀਰਤਾ ('ਮਰਦਾਨਗੀ-ਯੁਕਤ') ਲਈ ਜਾਣੇ ਜਾਂਦੇ ਸਨ ਜਦੋਂ ਕਿ ਬਾਕੀ ਖੱਤਰੀ ਕਾਇਰ ("ਅਲਪਬੁੱਧੀ ਅਤੇ ਆਤਮ-ਸਮਾਨ ਵਿਹੂਣੇ") ਸਨ। *ਸ਼ੂਦਰ ਕੌਣ ਸਨ ?* 'ਚ ਸਮੁੱਚਾ ਖੋਜਕਾਰਜ ਇਸੇ ਤਰਕ 'ਤੇ ਅਧਾਰਿਤ ਹੈ। ਇਹਨਾਂ ਦਾ ਕਹਿਣਾ ਸੀ ਕਿ ਉਸ ਦੌਰ 'ਚ 'ਸੇਵਕ' ਵਰਣ ਦੀ ਕੋਈ ਹੋਂਦ ਨਹੀਂ ਸੀ ਅਤੇ ਸਿਰਫ਼ ਉੱਚ ਵਰਣ ਹੀ ਹੋਂਦ 'ਚ ਸਨ। ਸ਼ੁਰੂਆਤ 'ਚ ਇਹਨਾਂ ਨੇ ਅਜੋਕੇ ਸ਼ੂਦਰਾਂ ਦੇ ਇਤਿਹਾਸ ਦਾ ਵਰਣਨ ਕਰਨ ਦਾ ਦਾਆਵਾ ਕੀਤਾ ਸੀ ਜਿਹੜੇ ਕਿ ਭਾਰਤ ਦੀ ਵਸੋਂ ਦਾ 80% ਹਨ। ਪਰ ਅੰਤ 'ਚ ਇਹਨਾਂ ਨੇ ਇਹ ਨਿਚੋੜ ਕੱਢਿਆ ਕਿ ਪਹਿਲਾਂ ਦੇ ਅਤੇ ਅੱਜ ਦੇ ਸ਼ੂਦਰਾਂ 'ਚ ਆਪਸ 'ਚ ਕੋਈ ਸਬੰਧ ਨਹੀਂ ਹੈ। ਇਸ ਤਰ੍ਹਾਂ, *ਸ਼ੂਦਰ ਕੌਣ ਹਨ ?* ਸਿਰਲੇਖ ਦਰਮਿਆਨ ਇਹਨਾਂ ਨੇ ਜਿਸ ਮਿਹਨਤ ਨਾਲ਼ ਅਧਿਐਨ ਸਮੱਗਰੀ ਪੇਸ਼ ਕੀਤੀ ਹੈ ਉਹ ਬੇਅਰਥ ਹੋ ਗਈ ਕਿਉਂਕਿ ਇਸ ਨਾਲ ਸਾਨੂੰ ਇਹ ਜਾਣਨ 'ਚ ਕੋਈ ਮਦਦ ਨਹੀਂ ਮਿਲ਼ਦੀ ਕਿ ਸ਼ੂਦਰ ਕੌਣ ਸਨ ?
- *ਅਛੂਤ ਉਹ ਕੌਣ ਸਨ ਅਤੇ ਅਛੂਤ ਕਿਉਂ ਬਣੇ ?* ਨਾਮਕ ਲੇਖ 'ਚ ਇਹਨਾਂ ਨੇ ਕੀ ਕਿਹਾ! ਸ਼ੁਰੂ 'ਚ ਇਹਨਾਂ ਦਾ ਇਹ ਕਹਿਣਾ ਸੀ ਕਿ ਜਿਹੜੇ ਪਿੰਡਾਂ 'ਚ ਰਹਿੰਦੇ ਸਨ ਅਤੇ ਜਿਹੜੇ ਪਿੰਡਾਂ ਤੋਂ ਬਾਹਰ ਰਹਿੰਦੇ ਸਨ ਉਹਨਾਂ 'ਚ ਕੋਈ ਵਿਰੋਧਤਾਈ ਨਹੀਂ ਸੀ। ਜਿਹੜੇ ਪਿੰਡਾਂ ਦੀ ਪਹਿਰੇਦਾਰੀ ਕਰਦੇ ਸਨ ਉਹਨਾਂ ਸ਼ਾਇਦ ਬੁੱਧ ਧਰਮ ਗ੍ਰਹਿਣ ਕਰ ਲਿਆ ਹੋਵੇਗਾ। ਇਸ ਧਰਮ-ਤਬਦੀਲੀ ਨਾਲ਼ ਸ਼ਾਇਦ ਪਿੰਡ ਅੰਦਰ ਰਹਿਣ ਵਾਲ਼ੇ ਲੋਕ ਨਾਰਾਜ਼ ਹੋ ਗਏ ਹੋਣਗੇ। ਇਸ ਤਰ੍ਹਾਂ ਇਨ੍ਹਾਂ ਦਾ ਖੋਜਕਾਰਜ ਇਸ ਤਰ੍ਹਾਂ ਦੀਆਂ ਅਟਕਲਾਂ 'ਤੇ ਅਧਾਰਿਤ ਸੀ ਜਿਵੇਂ ਕਿ, 'ਇਹ ਇਸ ਤਰ੍ਹਾਂ ਨਾਲ਼ ਹੋਇਆ ਹੋਵੇਗਾ',

'ਇਹ ਉਸ ਤਰ੍ਹਾਂ ਨਾਲ਼ ਹੋਇਆ ਹੋਵੇਗਾ'। ਇਹਨਾਂ ਨੇ ਆਪਣੇ ਕਿਸੇ ਵੀ ਅੰਦਾਜੇ ਮਗਰ ਕੋਈ ਸਬੂਤ ਨਹੀਂ ਪੇਸ਼ ਕੀਤਾ।

• ਛੂਆ-ਛੂਤ ਬਾਰੇ, ਅਛੂਤ ਵਾਲ਼ੇ ਲੇਖ 'ਚ, ਇਹਨਾਂ ਦਾ ਤਰਕ ਇਹ ਸੀ ਕਿ ਛੂਆ-ਛੂਤ ਈਸਾ ਤੋਂ ਪਹਿਲਾਂ ਹੋਂਦ 'ਚ ਆਈ ਨਹੀਂ ਸੀ ਅਤੇ 400 ਈਸਵੀ ਤੱਕ ਇਹ ਸ਼ੁਰੂ ਨਹੀਂ ਹੋਈ ਸੀ। ਕੀ ਇਹਨਾਂ ਨੇ ਅਜਿਹਾ ਤਰਕ ਨਹੀਂ ਦਿੱਤਾ ਸੀ ? ਪਰ ਬਾਅਦ 'ਚ ਇਹ ਸਭ ਭੁੱਲ ਕੇ "ਬੁੱਧ ਅਤੇ ਉਹਨਾਂ ਦਾ ਧੰਮ" 'ਚ ਇਹਨਾਂ ਨੇ ਇਹ ਦਿਖਾਇਆ ਹੈ ਕਿ ਛੂਆ-ਛੂਤ ਤਾਂ ਬੁੱਧ ਦੇ ਸਮੇਂ 'ਚ ਵੀ ਮੌਜੂਦ ਸੀ ਅਤੇ ਬੁੱਧ ਦੀ ਮਹਾਨਤਾ ਸੀ ਕਿ ਉਹਨਾਂ ਨੇ ਅਛੂਤਾਂ ਨੂੰ ਵੀ ਆਪਣੇ ਚੇਲਿਆਂ 'ਚ ਸ਼ਾਮਲ ਕਰ ਲਿਆ।

**ਮੁੱਦਾ** ਭਾਵੇਂ ਜਿੰਨਾਂ ਛੋਟਾ ਹੋਵੇ ਅਤੇ ਭਾਵੇਂ ਜਿੰਨੀ ਆਸਾਨੀ ਨਾਲ਼ ਸਮਝ 'ਚ ਆਉਣ ਵਾਲ਼ਾ ਹੋਵੇ, ਉਸ 'ਚ ਬਿਨਾਂ ਕਿਸੇ ਛੋਟ ਤੋਂ ਅਸੰਗਤਾ, ਮੁੱਦੇ ਤੋਂ ਹੱਟ ਕੇ ਗੱਲਾਂ ਅਤੇ ਜ਼ਬਰਦਸਤੀ ਦੇ ਤਰਕ ਭਰੇ ਹੁੰਦੇ ਹਨ। ਉਹ ਤਰਕਾਂ ਨੂੰ ਇਸ ਢੰਗ ਨਾਲ਼ ਰੱਖਦੇ ਹਨ ਕਿ ਉਹਨਾਂ ਦੇ ਅਨੁਸਾਰ ਹੋਣ। ਤਰਕ ਦੇ ਇਸ ਸਿਧਾਂਤ ਦੇ ਇਲਾਵਾ ਕੋਈ ਦੂਜਾ ਸਿਧਾਂਤ ਸਾਨੂੰ ਕਿਤੇ ਨਹੀਂ ਮਿਲ਼ਦਾ ਹੈ।

• ਬ੍ਰਾਹਮਣਾਂ ਵਿਰੁੱਧ ਇਹ ਗੰਭੀਰ ਇਲਜ਼ਾਮ ਕਿ ਉਹਨਾਂ ਨੇ ਕਲ਼ਯੁੱਗ ਦੇ ਵਕਫ਼ੇ ਨੂੰ ਵਧਾ ਦਿੱਤਾ!

• 'ਮਹਾਂਭਾਰਤ' ਦਾ ਰਚਣਹਾਰ ਇੱਕ ਜਗ੍ਹਾ ਸੱਚਾ ("ਤੱਥਭਾਸ਼ੀ") ਹੈ ਅਤੇ ਦੂਜੀ ਜਗ੍ਹਾ ਉਹ ਝੂਠਾ ("ਮਿੱਥਆਭਿਮਾਨੀ") ਹੋ ਜਾਂਦਾ ਹੈ। ਦੋਨੋਂ ਟਿੱਪਣੀਆਂ ਇੱਕ ਹੀ ਖੋਜ-ਕਾਰਜ 'ਚ ਮਿਲ਼ਦੀਆਂ ਹਨ।

• ਅੰਬੇਡਕਰ ਤਰਕ 'ਤੇ ਤਰਕ ਦਿੰਦੇ ਰਹੇ ਕਿ ਗੁਲਾਮੀ ਛੂਆ-ਛੂਤ ਨਾਲ਼ੋਂ 'ਬਿਹਤਰ' ਹੈ ਅਤੇ ਅੰਤ 'ਚ ਇਸ ਨਤੀਜੇ 'ਤੇ ਆ ਗਏ ਕਿ ਅਜਿਹਾ ਸੋਚਣਾ 'ਬਹੁਤ ਜਲਦਬਾਜ਼ੀ' ਹੋਵੇਗੀ। ਜਿਵੇਂ ਸ਼ੁਰੂ 'ਚ ਕੀਤਾ ਗਿਆ ਪ੍ਰੇਖਣ ਇਹਨਾਂ ਦਾ ਨਾ ਹੋਵੇ।

• ਜਾਤ ਪ੍ਰਥਾ ਦੇ ਖਾਤਮੇ ਬਾਰੇ ਗੱਲ ਕਰਨ ਦਾ ਕੋਈ ਮਤਲਬ ਨਹੀਂ ਬਣਦਾ। ਇਹ ਉਹਨਾਂ ਦੀ ਸੁਪ੍ਰਸਿੱਧ ਮਹਾਨ ਕਿਰਤ ਹੈ, ਜਾਤ ਵਿਵਸਥਾ ਤਦ ਸਮਾਪਤ ਹੋ ਸਕਦੀ ਹੈ ਜਦ ਬ੍ਰਾਹਮਣ ਇਸ ਨਾਲ਼ ਸਹਿਮਤ ਹੋਣ। ਨਹੀਂ ਤਾਂ ਨਹੀਂ! ਇੱਥੋਂ ਤੱਕ ਕਿ ਛੋਟੀਆਂ ਜਾਤਾਂ ਵੀ ਨਹੀਂ ਬਦਲਣਗੀਆਂ। ਕੁੱਲ ਮਿਲ਼ਾ ਕੇ ਜਾਤ ਵਿਵਸਥਾ ਦਾ ਖਾਤਮਾ ਅਸੰਭਵ ਹੈ। ਇਸ ਕਿਤਾਬ 'ਚ ਉਹਨਾਂ ਨੇ ਜਿਹੜਾ ਕੁਝ ਕਿਹਾ ਉਹ ਇਹੀ ਹੈ। ਇਹ ਸਹੀ ਹੈ ਕਿ ਵਰਤਮਾਨ 'ਚ ਨੀਵੀਂਆਂ ਜਾਤਾਂ ਅਣਜਾਣ ਹਨ। ਪਰ ਕੀ ਇਹ ਅਣਜਾਣਤਾ ਕੋਈ ਅਮਰ ਸੱਚ ਹੈ ? ਕੀ ਇਨਾਂ ਲੋਕਾਂ ਦੇ ਬਦਲਾਅ ਦੀ ਕੋਈ ਗੁੰਜਾਇਸ਼ ਨਹੀਂ ? ਕੀ ਇਨਾਂ ਲੋਕਾਂ ਲਈ ਕੋਈ 'ਸਿੱਖਿਆ' ਜਾਂ ਕੋਈ 'ਪ੍ਰੋਗਰਾਮ' ਨਹੀਂ ਹੈ ? ਇਸ ਲੇਖ ਨੇ ਨੀਵੀਆਂ ਜਾਤਾਂ ਨੂੰ ਕਿਹੜਾ ਮਾਰਗ ਦਿਖਾਇਆ ? ਹੋਰ ਤਾਂ ਹੋਰ, ਉਹਨਾਂ ਨੂੰ ਇਹ ਚੇਤਾਵਨੀ ਦਿੱਤੀ ਕਿ ਉਪਜਾਤੀਆਂ ਨਹੀਂ ਘੁਲ਼ਦੀਆਂ-ਮਿਲ਼ਦੀਆਂ ਅਤੇ ਉਪਜਾਤੀਆਂ ਦਾ ਆਪਸ 'ਚ ਘੁਲ਼ਣਾ-ਮਿਲ਼ਣਾ ਖਤਰਨਾਕ ਹੈ!

• ਕਿਰਤ ਵੰਡ ਬਾਰੇ ਕੀ ਕਹਿਣਾ ਹੈ ? ਅੰਬੇਡਕਰ ਨੇ ਇਹ ਖੁਦ ਮੰਨਿਆ ਹੈ ਕਿ ਹਿੰਦੂ ਧਰਮ ਕਿਰਤ ਵੰਡ 'ਤੇ ਅਧਾਰਿਤ ਹੈ ਜਿਸ ਤਹਿਤ ਨੀਵੀਂਆਂ ਜਾਤਾਂ ਨੂੰ ਗੰਦੇ ਕੰਮ ਸੌਂਪੇ ਜਾਂਦੇ ਸਨ ਅਤੇ ਉੱਚੀਆਂ ਜਾਤਾਂ ਨੂੰ ਸਵੱਛ ਕੰਮ। ਪਰ ਜੇਕਰ ਇਹੀ ਗੱਲ ਦੂਜੇ ਕਹਿਣ ਕਿ 'ਜਾਤਾਂ ਅਤੇ ਕਿਰਤ ਵੰਡ 'ਚ

ਡੂੰਘਾ ਰਿਸ਼ਤਾ ਹੈ' ਤਾਂ ਉਹ ਇਸਨੂੰ ਨਹੀਂ ਮੰਨਦੇ।

- ਉਹਨਾਂ ਨੇ 'ਦਰਜੇਬੰਦੀ' ਜਾਂ ਕਿਰਤੀਆਂ ਦੇ ਵਰਗੀਕਰਨ ਦਾ ਵਰਨਣ 'ਕਿਰਤੀਆਂ ਦੀ ਵੰਡ' ਦੇ ਰੂਪ 'ਚ ਕੀਤਾ ਹੈ। ਉਹਨਾਂ ਦਾ ਤਰਕ ਇਹ ਸੀ ਕਿ ਕਿਰਤੀਆਂ ਦੀ ਅਜਿਹੀ ਵੰਡ ਭਾਰਤ 'ਚ ਹੀ ਹੈ। ਪਰ ਕਿਰਤੀਆਂ ਦੀ 'ਦਰਜੇਬੰਦੀ' ਜਾਂ 'ਵਰਗੀਕਰਨ' ਤਾਂ ਸਾਰੇ ਮੁਲਕਾਂ 'ਚ ਮੌਜੂਦ ਹੈ। ਇਹ ਉਨ੍ਹਾਂ ਮੁਲਕਾਂ 'ਚ ਹੀ ਮੌਜੂਦ ਹੈ ਜਿੱਥੇ ਕੋਈ ਜਾਤ ਨਹੀਂ ਹੈ। ਇਸ ਲਈ, ਅੰਬੇਡਕਰ ਨੇ ਜਿਹੜੀ ਖੋਜ ਕੀਤੀ ਉਸ 'ਚ ਕੁਝ ਵੀ ਨਵਾਂ ਨਹੀਂ ਹੈ!
- ਉਹਨਾਂ ਨੇ ਇਸ ਦਾਅਵੇ ਨਾਲ਼ ਸ਼ੁਰੂ ਕੀਤਾ ਕਿ 'ਆਰਥਿਕ ਲੁੱਟ ਤੋਂ ਸੁਰੱਖਿਆ ਦੇ ਕੁਝ ਉਪਾਅ' ਪ੍ਰਸਤਾਵਿਤ ਕਰਾਂਗੇ, ਪਰ ਅੰਤ 'ਚ ਲੋਟੂ ਹੱਕਾਂ ਅਤੇ ਆਮਦਨ ਦੇ ਲੋਟੂ ਸਰੋਤਾਂ ਨੂੰ ਜਾਰੀ ਰੱਖਣ ਲਈ ਸੁਰੱਖਿਆ ਉਪਾਆਂ ਦਾ ਪ੍ਰਸਤਾਵ ਕੀਤਾ। ਹੋਰ ਤਾਂ ਹੋਰ ਇਹ ਹੱਕ ਅਤੇ ਆਮਦਨ ਪੁਸ਼ਤੈਨੀ ਹਨ ਅਤੇ ਲਗਾਤਾਰ ਰਹਿਣਗੇ ਜਾਂ ਇੱਕ ਤੇਲਗੂ ਕਹਾਵਤ ਦਾ ਇਸਤੇਮਾਲ ਕਰੀਏ ਤਾਂ ਇਹ ਤਦ ਤੱਕ ਰਹਿਣਗੇ 'ਜਦੋਂ ਤੱਕ ਚੰਨ ਅਤੇ ਸਿਤਾਰੇ ਰਹਿਣਗੇ'!
- ਮਾਰਕਸਵਾਦ ਪ੍ਰਤੀ ਅੰਬੇਡਕਰ ਦੀ ਨਫ਼ਰਤ ਬਾਰੇ ਗੱਲ ਕਰਨਾ ਜ਼ਰੂਰੀ ਹੈ। ਜਿਹੜਾ ਵਿਅਕਤੀ ਦਲਿਤਾਂ ਦਾ ਨੁਮਾਇੰਦਾ ਹੋਵੇ ਉਸ ਲਈ ਮਾਰਕਸਵਾਦ ਇੱਕ ਪ੍ਰਤਿਰੋਧੀ ਸਿਧਾਂਤ ਕਿਵੇਂ ਬਣ ਗਿਆ? ਅਜਿਹਾ ਇਸ ਲਈ, ਕਿਉਂਕਿ ਉਸਦੇ ਵਿਚਾਰ ਦਲਿਤਾਂ ਦੇ ਹਿੱਤਾਂ ਨਾਲ਼ ਮਜਬੂਤੀ ਨਾਲ਼ ਨਹੀਂ ਬੱਝੇ ਹਨ। ਉਹ ਸਭ ਜਿਸਨੇ ਉਹਨਾਂ ਨੂੰ ਖਿੱਚਿਆ ਉਹ ਸੀ ਪੂੰਜੀਵਾਦੀ ਰਾਹ। ਇਸ ਲਈ ਮਾਰਕਸਵਾਦ ਪ੍ਰਤੀ ਨਫ਼ਰਤ। ਉਹਨਾਂ ਨੇ ਇੱਕਾ-ਦੁੱਕਾ ਕੁਝ ਅਜਿਹੇ ਤਰਕਾਂ ਦੀ ਤਲਾਸ਼ ਕੀਤੀ ਸੀ ਜਿਸ ਨਾਲ਼ ਮਾਰਕਸਵਾਦ ਨੂੰ ਨਕਾਰਿਆ ਜਾ ਸਕੇ। ਇਸ ਲਈ ਉਹਨਾਂ ਨੇ 'ਹਿੰਸਾ' ਅਤੇ 'ਬਲ ਪ੍ਰਯੋਗ' ਦੀ ਖੋਜ ਕੀਤੀ।

**ਅੰਬੇਡਕਰ** ਦੀਆਂ ਕਿਰਤਾਂ 'ਚ ਅਜਿਹਾ ਕੀ ਬਚ ਜਾਂਦਾ ਹੈ ਜਿਸ ਲਈ ਅਸੀਂ ਇਹ ਕਹਿ ਸਕੀਏ ਕਿ, 'ਇਹ ਇੱਕ ਵਧੀਆ ਖੋਜ ਹੈ'?

ਅੰਬੇਡਕਰ ਦੇ ਜੀਵਨੀਕਾਰਾਂ ਨੇ ਉਹਨਾਂ ਦੀ ਖੋਜ ਦੇ ਹਰੇਕ ਪਹਿਲੂ ਦੀ ਪ੍ਰਸ਼ੰਸਾ ਕੀਤੀ (ਜਾਂ ਇੱਕ ਤੇਲਗੂ ਮੁਹਾਵਰੇ ਦੀ ਵਰਤੋਂ ਕਰੀਏ ਤਾਂ ਉਹਨਾਂ ਨੇ ਅੰਬੇਡਕਰ ਨੂੰ 'ਅਸਮਾਨ 'ਤੇ ਚੜ੍ਹਾ ਦਿੱਤਾ') — ਇਹ ਭਾਵੇਂ ਜਿਨੀਂ ਅਸੰਗਤ ਅਤੇ ਬੇਤਰਤੀਬ ਰਹੀ ਹੋਵੇ। ਅਜਿਹਾ ਇੱਕ ਵੀ ਦ੍ਰਿਸ਼ਟਾਂਤ ਨਹੀਂ ਮਿਲ਼ਦਾ ਜਿੱਥੇ ਉਹਨਾਂ ਨੇ ਕੁਝ ਅਜਿਹੇ ਸਵਾਲ ਨਾ ਉਠਾਏ ਹੋਣ, ਜਿਵੇਂ ਕਿ 'ਇਹ ਕਿਹੋ ਜਿਹਾ ਤਰਕ ਹੈ? ਇਹ ਕਿਹੋ ਜਿਹੀ ਖੋਜ ਹੈ?' ਇੱਥੋਂ ਤੱਕ ਕਿ, 'ਸੂਰਿਆ ਵੰਸ਼' ਅਤੇ 'ਚੰਦਰ ਵੰਸ਼' ਜਿਹੇ ਵਿਸ਼ਲੇਸ਼ਣ 'ਤੇ ਵੀ ਉਹਨਾਂ ਨੇ ਸਵਾਲ ਨਹੀਂ ਕੀਤੇ ਜਿਹਨਾਂ ਨੂੰ ਅੰਬੇਦਕਰ ਨੇ ਇੰਞ ਪੇਸ਼ ਕੀਤਾ ਮੰਨੋ ਇਹ ਵੱਡੇ ਵਿਗਿਆਨਿਕ ਵਿਸ਼ਲੇਸ਼ਣ ਹੋਣ। ਇਹਨਾਂ ਦੇ ਇਸ ਨਿਰੂਪਣ 'ਤੇ ਵੀ ਕੋਈ ਸਵਾਲ ਨਹੀਂ ਕੀਤੇ ਗਏ ਕਿ ਉਪਜਾਤੀਆਂ ਦਾ ਮਿਸ਼ਰਣ 'ਘਾਤਕ' ਹੈ ਅਤੇ ਇਹ ਇੱਕ 'ਗਲਤ ਉਪਾਅ' ਹੈ! ਜੀਵਨੀਕਾਰਾਂ ਨੇ ਅੰਬੇਡਕਰ ਦੇ ਦਰਜਨਾਂ ਗਲਤ ਨਿਰੂਪਣਾਂ 'ਤੇ ਇੱਕ ਵੀ ਸਵਾਲ ਨਹੀਂ ਕੀਤਾ।

ਅੰਬੇਡਕਰ 'ਚ ਇੰਨੀਆਂ ਕਿਸਮਾਂ ਦੀਆਂ ਤਰੁੱਟੀਆਂ ਦੇ ਮਿਸ਼ਰਣ ਦੇ ਪਿੱਛੇ ਕਾਰਨ ਇਹੀ ਹੈ ਕਿ ਉਹਨਾਂ ਦੀ ਵਿਚਾਰ ਪ੍ਰਕ੍ਰਿਆ ਮੁੱਖ ਤੌਰ 'ਤੇ ਪੂੰਜੀਵਾਦੀ ਸੀਮਾਵਾਂ 'ਚ ਸੀਮਤ ਹੈ। ਜਿਸਦਾ

ਅਰਥ ਇਹ ਹੁੰਦਾ ਹੈ ਕਿ ਉਹਨਾਂ ਨੇ ਹਰ 'ਉੱਪਰੀ ਦਿਖਾਵੇ' ਨੂੰ ਵਡੇਰਾ ਗਿਆਨ ਮੰਨ ਲਿਆ! ਅਜਿਹੇ ਉੱਪਰੀ ਦਿਖਾਵਿਆਂ ਤੋਂ ਪਰ੍ਹਾਂ ਜਾ ਕੇ ਉਹਨਾਂ ਨੇ ਕੋਈ ਆਪਣਾ ਤਰਕ ਨਹੀਂ ਵਿਕਸਿਤ ਕੀਤਾ। ਦੋ ਮਿਸਾਲਾਂ ਅੰਬੇਡਕਰ ਦੇ ਇਸ ਇਲਜ਼ਾਮ ਨੂੰ ਸਪੱਸ਼ਟ ਤੌਰ 'ਤੇ ਰੇਖਾਂਕਿਤ ਕਰਦੇ ਹਾਂ।

ਪਹਿਲੀ ਮਿਸਾਲ

*"ਪ੍ਰਾਂਜਲ ਭਾਸ਼ਾ ਦਾ ਵਿਕਾਸ ਉਹ ਪਹਿਲੀ ਚੀਜ਼ ਸੀ ਜਿਸ ਨੇ ਮਨੁੱਖੀ ਵਿਕਾਸ ਦੇ ਨਜ਼ਰੀਏ ਨਾਲ਼ ਮਨੁੱਖ ਨੂੰ ਪਸ਼ੂਤਾ ਤੋਂ ਵੱਖ ਕੀਤਾ"*(ਭਾਗ 3. ਪੰਨਾ 88)

ਮਨੁੱਖ ਗੱਲ ਕਰਦੇ ਹਨ ਅਤੇ ਪਸ਼ੂ ਗੱਲ ਨਹੀਂ ਕਰਦੇ ਹਨ। ਇਹ ਕੁਝ ਅਜਿਹਾ ਹੈ ਜਿਹੜਾ ਉੱਪਰੀ ਤੌਰ 'ਤੇ 'ਪ੍ਰਤੀਤ ਹੁੰਦਾ ਹੈ'! ਜੇਕਰ ਅਸੀਂ ਸਿਰਫ਼ ਇਸ ਪੱਖ 'ਤੇ ਧਿਆਨ ਦੇਈਏ ਤਾਂ ਅਜਿਹਾ ਪ੍ਰਤੀਤ ਹੁੰਦਾ ਹੈ ਮੰਨੋ ਭਾਸ਼ਾ ਨਾਲ਼ ਮਨੁੱਖਾਂ ਅਤੇ ਪਸ਼ੂਆਂ 'ਚ ਅੰਤਰ ਕੀਤਾ ਜਾ ਸਕਦਾ ਹੈ। ਪਰ ਜੇਕਰ ਇਸ ਬਿੰਦੂ 'ਤੇ ਨਾ ਰੁਕ ਕੇ ਕੁੱਝ ਪ੍ਰਸੰਗਿਕ ਸਵਾਲ ਕੀਤਾ ਜਾਵੇ ਜਿਵੇਂ, 'ਪਸ਼ੂ ਬਿਨਾਂ ਭਾਸ਼ਾ ਦੇ ਜੀਵਤ ਰਹਿੰਦੇ ਹਨ, ਕੀ ਉਹ ਜ਼ਿੰਦਾ ਨਹੀਂ ਰਹਿੰਦੇ ?', 'ਮਨੁੱਖਾਂ ਨੂੰ ਭਾਸ਼ਾ ਦੀ ਲੋੜ ਕਿਉਂ ਪਈ ਜਿਸਦੀ ਪਸ਼ੂਆਂ ਨੂੰ ਲੋੜ ਨਹੀਂ ਸੀ ?' ਕਿਸ ਲੋੜ ਦੀ ਵਜ੍ਹਾ ਕਰਕੇ ਭਾਸ਼ਾ ਦਾ ਜਨਮ ਹੋਇਆ ? — ਤਦ ਸਾਨੂੰ ਚੀਜ਼ਾਂ ਨੂੰ ਸਮਝਣ ਦਾ ਰਾਹ ਮਿਲ਼ ਜਾਵੇਗਾ ਜਿਹੜੀਆਂ ਕਿ ਸਤਹੀ ਨਹੀਂ ਪ੍ਰਤੀਤ ਹੋਣਗੀਆਂ।

ਮੁੱਖ ਕਾਰਨ ਜਿਸਨੇ ਕਿ 'ਪਸ਼ੂ ਅਵਸਥਾ' ਨੂੰ 'ਮਨੁੱਖੀ ਅਵਸਥਾ' 'ਚ ਰੂਪਾਂਤਰਿਤ ਕੀਤਾ, ਉਹ ਸੀ, 'ਕਿਰਤ'। ਪਸ਼ੂਆਂ ਨੂੰ ਕੁਦਰਤ 'ਚੋਂ ਜਿਹੜਾ ਕੁਝ ਮਿਲ਼ਦਾ ਹੈ ਉਹ ਖਾਂਦੇ ਹਨ ਅਤੇ ਆਪਣੀ ਸਹਿਜ ਪ੍ਰਵਿਰਤੀ ਦੇ ਅਨੁਰੂਪ ਜਿਉਂਦੇ ਰਹਿੰਦੇ ਹਨ। ਪਰ ਮਨੁੱਖਾਂ ਦੇ ਮਾਮਲੇ 'ਚ ਇਹ ਗੱਲ ਨਹੀਂ ਹੈ। ਮਨੁੱਖ ਕੁਦਰਤ 'ਚ ਪਾਈਆਂ ਜਾਣ ਵਾਲ਼ੀਆਂ ਚੀਜ਼ਾਂ ਨੂੰ ਰੂਪਾਂਤਰਿਤ ਕਰਦਾ ਹੈ। 'ਮਨੁੱਖੀ ਅਵਸਥਾ' ਪੱਥਰਾਂ ਅਤੇ ਦਰੱਖਤਾਂ ਦੀਆਂ ਟਾਹਣੀਆਂ ਨੂੰ ਸੰਦ ਦੇ ਰੂਪ 'ਚ ਪ੍ਰਯੋਗ ਕਰਨ ਅਤੇ ਧੁੱਪ ਅਤੇ ਮੀਂਹ ਤੋਂ ਸੁਰੱਖਿਆ ਕਰਨ ਜੇਹੀ ਸਭ ਤੋਂ ਸਰਲ ਕਿਰਤ ਤੋਂ ਸ਼ੁਰੂ ਹੁੰਦੀ ਹੈ। ਇਨ੍ਹਾਂ ਕ੍ਰਿਆ-ਕਲਾਪਾਂ ਦੇ ਉਦੇਸ਼ ਨਾਲ਼ ਅਤੇ ਇਸ ਪ੍ਰਕ੍ਰਿਆ 'ਚ ਅਵਿਕਸਿਤ ਚਿੰਤਨ, ਮੂੰਹ ਤੋਂ ਵੱਖ-ਵੱਖ ਧੁੰਨੀਆਂ, ਵੱਖ ਵੱਖ ਅਵਾਜ਼ਾਂ ਸ਼ੁਰੂ ਹੋਈਆਂ ਅਤੇ ਇਸ ਅਨੁਸਾਰੀ ਮੁੱਖ, ਦਿਮਾਗ, ਹੱਥ ਅਤੇ ਪੈਰ ਵਿਕਸਿਤ ਹੋਏ ਅਤੇ ਹੌਲ਼ੀ-ਹੌਲ਼ੀ ਭਾਸ਼ਾ ਦਾ ਵਿਕਾਸ ਹੋਇਆ। ਭਾਸ਼ਾ ਦੀ ਲੋੜ — ਜਿਹੜੀ ਪਸ਼ੂ ਨੂੰ ਨਹੀਂ ਸੀ — ਮਨੁੱਖਾਂ 'ਚ ਵਧੀ ਕਿਉਂਕਿ — 'ਕਿਰਤ ਕਰਨ' ਦੀ ਸ਼ੁਰੂਆਤ ਹੋਈ ਜਿਹੜੀ ਕਿ ਮਨੁੱਖਾਂ ਦਾ ਇੱਕ ਖਾਸ ਲੱਛਣ ਹੈ।

ਇਹ ਕਹਿਣਾ ਕਿ ਭਾਸ਼ਾ ਦੀ ਵਜ੍ਹਾ ਕਰਕੇ ਮਨੁੱਖਾਂ ਅਤੇ ਪਸ਼ੂਆਂ 'ਚ ਅੰਤਰ ਹੁੰਦਾ ਹੈ, ਇਹ ਚੀਜ਼ਾਂ ਨੂੰ ਸਿਰਫ਼ ਸਤਹੀ ਤੌਰ 'ਤੇ ਜਾਣਨ ਵਰਗਾ ਹੈ। ਇਸ ਤਰ੍ਹਾਂ ਦੇ ਨਤੀਜੇ ਕੱਢਣ 'ਚ ਕਿਸੇ ਤਰਕ ਅਤੇ ਬੁੱਧੀ ਦੀ ਲੋੜ ਨਹੀਂ ਹੁੰਦੀ। ਇਹ ਤਾਂ ਸਭ ਨੂੰ ਪਤਾ ਰਹਿੰਦਾ ਹੈ। ਇਹ ਇੱਕ ਤੱਥ ਹੈ ਕਿ 'ਕਿਰਤ ਕਰਨ ਦੀ ਲਖਣਾਇਕਤਾ ਕਰਕੇ ਹੀ ਮਨੁੱਖਾਂ ਨੇ ਭਾਸ਼ਾ ਵਿਕਸਤ ਕੀਤੀ'। ਪਰ ਇਸ ਤੱਥ ਨੂੰ ਸਮਝਣ ਲਈ ਕੁਝ ਚਿੰਤਨ ਦੀ ਲੋੜ ਹੁੰਦੀ ਹੈ। ਜੇਕਰ ਅਸੀਂ ਇਸ ਤੱਥ ਨੂੰ ਸਮਝਣ 'ਚ ਸਮਰੱਥ ਹੋਵਾਂਗੇ ਤਦ ਉਹ ਸਤਹੀ ਗਿਆਨ ਕਿਹਾ ਜਾਵੇਗਾ।

ਚੀਜ਼ਾਂ ਦੀ ਸਤਹੀ ਜਾਣਕਾਰੀ ਅਤੇ ਸਟੀਕ ਜਾਣਕਾਰੀ ਦਰਮਿਆਨ ਫਰਕ ਨੂੰ ਸਮਝਣ

ਲਈ ਦੂਜੀ ਮਿਸਾਲ ਦੇਖਦੇ ਹਾਂ। ਪੇਂਡੂ ਲੋਕਾਂ ਦੀ ਆਰਥਿਕ ਹਾਲਤ ਦੀ ਚਰਚਾ ਕਰਦੇ ਸਮੇਂ ਅੰਬੇਡਕਰ ਗਾਂਧੀ ਦੇ ਚਰਖਾ ਕੱਤਣ ਵਾਲ਼ੀ ਪ੍ਰਣਾਲੀ ਦਾ ਵਿਰੋਧ ਕਰਦੇ ਹਨ ਅਤੇ 'ਮੁਕਤੀ' ਦੇ ਲਈ 'ਵਡੇਰੇ ਸ਼ਹਿਰੀਕਰਨ' ਦਾ ਮਤਾ ਰੱਖਦੇ ਹਨ। ਇਹ ਦਲੀਲ ਦਿੰਦੇ ਹੋਏ ਕਿ ਸਰਕਾਰ ਨੂੰ ਇਹ ਚਾਹੀਦਾ ਹੈ ਕਿ ਉਹ ਪੇਂਡੂ ਅਬਾਦੀ ਨੂੰ ਸ਼ਹਿਰਾਂ 'ਚ ਪਹੁੰਚਾ ਦੇਵੇ, ਅੰਬੇਡਕਰ ਦਾ ਕਹਿਣਾ ਸੀ ਕਿ,

"ਸ਼੍ਰੀ ਮਾਨ! ਇਸ ਹਾਲਤ ਨੂੰ ਧਿਆਨ 'ਚ ਰੱਖਦੇ ਹੋਏ ਮੇਰਾ ਇਹ ਵਿਚਾਰ ਬਣ ਰਿਹਾ ਹੈ— ਇਹ ਗੱਲ ਮੈਂ ਪੂਰੀ ਸੋਚ-ਵਿਚਾਰ ਮਗਰੋਂ ਕਰ ਰਿਹਾ ਹਾਂ — ਕਿ ਇਸ ਸੂਬੇ ਦੀ ਮੁਕਤੀ, ਮੈਂ ਇਹ ਕਹਿ ਸਕਦਾ ਹਾਂ ਕਿ ਕੁੱਲ ਭਾਰਤ ਦੀ ਮੁਕਤੀ, ਇਸ ਗੱਲ 'ਚ ਨਿਹਿਤ ਹੈ ਕਿ ਹੋਰ ਵਧੇਰੇ ਸ਼ਹਿਰੀਕਰਨ ਕੀਤਾ ਜਾਵੇ, ਸਾਡੇ ਕਸਬਿਆਂ ਦਾ ਪੁਨਰਉਦਾਰ ਕੀਤਾ ਜਾਵੇ, ਸਨਅਤਾਂ ਦੀ ਸਥਾਪਨਾਂ ਕੀਤੀ ਜਾਵੇ ਅਤੇ ਜਿਨਾਂ ਸੰਭਵ ਹੋ ਸਕੇ ਪੇਂਡੂ ਅਬਾਦੀ ਨੂੰ ਸ਼ਹਿਰਾਂ 'ਚ ਪਹੁੰਚਾ ਦਿੱਤਾ ਜਾਵੇ। ਪਿੰਡਾਂ 'ਚ ਕੀ ਰੱਖਿਆ ਹੈ? ਉਂਞ ਵੀ ਸਾਡੇ ਪੇਂਡੂਆਂ ਕੋਲ਼ ਇੰਨੀ ਪੂੰਜੀ ਨਹੀਂ ਹੁੰਦੀ ਕਿ ਉਹ ਖੇਤੀ ਕਾਰਜ ਦਾ ਸੰਚਾਲਨ ਸਰਵ-ਉੱਚ ਢੰਗ ਨਾਲ਼ ਕਰ ਸਕਣ ਜਿਵੇਂ ਕਿ ਹੋਣਾ ਚਾਹੀਦਾ ਹੈ। ਅਬਾਦੀ ਹਰ ਦਹਾਕੇ 'ਚ ਵੱਧ ਰਹੀ ਹੈ ਅਤੇ ਨਵੇਂ ਵੰਸ਼ਜਾਂ ਦੇ ਉਤਪੰਨ ਹੋ ਜਾਣ ਨਾਲ਼ ਭੂਮੀ ਦੀ ਵੰਡ ਹੁੰਦੀ ਜਾ ਰਹੀ ਹੈ। ਹਰ ਜਗ੍ਹਾ ਹਾਲਤ ਇੰਨੀਂ ਖਰਾਬ ਹੈ ਜਿਸਦੀ ਕੋਈ ਕਲਪਨਾ ਨਹੀਂ ਕਰ ਸਕਦਾ। ਪਿੰਡਾਂ ਦੇ ਲੋਕਾਂ ਦਾ ਜੀਵਨ ਪੱਧਰ ਉੱਚਾ ਕਰਨ ਦਾ ਇੱਕ ਹੀ ਰਾਹ ਹੈ ਕਿ ਚਰਖ਼ੇ ਜਿਹੇ ਬਾਬੇ ਆਦਮ ਦੇ ਜ਼ਮਾਨੇ ਦੀਆਂ ਮਸ਼ੀਨਾਂ 'ਤੇ ਨਿਰਭਰ ਨਾ ਰਿਹਾ ਜਾਵੇ ਜਾਂ ਉਹਨਾਂ ਨੂੰ ਕੱਪੜਾ ਬੁਣਨ ਲਈ ਮਜ਼ਬੂਰ ਨਾ ਕੀਤਾ ਜਾਵੇ ਜਿਸ ਨੂੰ ਕਿ ਉਹ ਮੁਕਾਬਲੇ ਵਾਲ਼ੀ ਮੰਡੀ 'ਚ ਵੇਚ ਨਾ ਸਕਣ। ਉਹਨਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਦਾ ਇਹ ਰਾਹ ਨਹੀਂ ਹੈ ਕਿ ਸ਼ਹਿਰਾਂ 'ਚ ਸਨਅਤਾਂ ਅਤੇ ਸੇਵਾਵਾਂ ਦੇ ਦੂਸਰੇ ਆਮਦਨ ਸ੍ਰੋਤਾਂ ਨੂੰ ਖਤਮ ਕਰ ਦਿੱਤਾ ਜਾਵੇ ਅਤੇ ਉਹਨਾਂ ਨੂੰ ਪਿੰਡਾਂ 'ਚ ਜਾਣ ਲਈ ਮਜ਼ਬੂਰ ਕਰ ਦਿੱਤਾ ਜਾਵੇ। ਇਸਦਾ ਰਾਹ ਦੂਸਰੀ ਦਿਸ਼ਾ 'ਚ ਹੈ, ਯਾਨੀ ਕਿ, ਜਿੱਥੇ ਤੱਕ ਹੋ ਸਕੇ ਵੱਧ ਤੋਂ ਵੱਧ ਲੋਕਾਂ ਨੂੰ ਪਿੰਡਾਂ ਤੋਂ ਸ਼ਹਿਰਾਂ 'ਚ ਲਿਆਇਆ ਜਾਵੇ, ਉਹਨਾਂ ਨੂੰ ਸਨਅਤਾਂ 'ਚ ਰੁਜ਼ਗਾਰ ਦਿੱਤਾ ਜਾਵੇ ਅਤੇ ਆਰਥਿਕ ਜੀਵਨ ਦੇ ਬਿਹਤਰ ਸਾਧਨ ਸਥਾਪਿਤ ਕੀਤੇ ਜਾਣ। ਇਹੀ ਇੱਕ ਰਾਹ ਹੈ" (ਭਾਗ-2, ਪੰਨਾ 32-33)

ਇਹ ਸੱਚ ਹੈ ਕਿ ਪੇਂਡੂਆਂ ਦੇ ਗੁਜ਼ਾਰੇ ਦੇ ਸਾਧਨ ਸਿਮਟਦੇ ਜਾ ਰਹੇ ਹਨ। ਇਹ ਵੀ ਸੱਚ ਹੈ ਕਿ ਜੇਕਰ ਉਹ ਪਿੰਡਾਂ ਤੋਂ ਸ਼ਹਿਰਾਂ 'ਚ ਜਾਣਗੇ ਤਾਂ ਉਹਨਾਂ ਨੂੰ ਗੁਜ਼ਾਰੇ ਦੇ ਕੁੱਝ ਸਾਧਨ ਮਿਲ਼ ਸਕਦੇ ਹਨ। ਇਹ ਉੱਪਰੀ ਤੱਥ ਹੈ। ਇਹਨਾਂ ਬਾਹਰੀ ਚੀਜ਼ਾਂ ਨੂੰ ਦੇਖਦੇ ਹੋਏ ਜੇਕਰ ਕਿਸੇ ਦਾ ਸੰਕਲਪ ਇਹ ਬਣ ਜਾਂਦਾ ਹੈ ਕਿ ਦੇਸ਼ ਦੀ ਮੁਕਤੀ ਇਸ ਗੱਲ 'ਚ ਨਿਹਿਤ ਹੈ ਕਿ ਪੇਂਡੂ ਵਸੋਂ ਸ਼ਹਿਰਾਂ 'ਚ ਵਸ ਜਾਵੇ, ਤਦ ਤਾਂ ਉਹੀ ਗੱਲ ਹੋਈ ਕਿ ਦਿਖਾਓ ਤੱਥਾਂ ਨੂੰ ਹੀ ਅਸਲ ਹੱਲ ਸਮਝ ਲਿਆ ਜਾਂਦਾ ਹੈ।

ਪਿੰਡਾਂ 'ਚ ਲੋਕਾਂ ਕੋਲ਼ ਕਾਫ਼ੀ ਭੂਮੀ ਕਿਉਂ ਨਹੀਂ ਹੈ? ਖੇਤੀ-ਕਾਰਜ ਲਈ ਸਰੋਤ ਕਿਉਂ ਨਹੀਂ ਉਪਲੱਬਧ ਹਨ? ਸ਼ਹਿਰਾਂ 'ਚ ਸਨਅਤ ਵਧਾਉਣ ਅਤੇ ਪੇਂਡੂਆਂ ਨੂੰ ਸ਼ਹਿਰਾਂ 'ਚ ਲਿਆਉਣ ਦੀ ਬਜਾਏ ਇਨ੍ਹਾਂ ਸਨਅਤਾਂ ਨੂੰ ਸਰਕਾਰ ਪਿੰਡਾਂ 'ਚ ਕਿਉਂ ਨਹੀਂ ਸਥਾਪਿਤ ਕਰ ਸਕਦੀ ਹੈ? ਸਰਕਾਰ ਪਿੰਡਾਂ ਦਾ ਵੀ ਵਿਕਾਸ ਕਿਉਂ ਨਹੀਂ ਕਰ ਸਕਦੀ ਹੈ? ਅੰਬੇਡਕਰ ਮੂਹਰੇ ਅਜਿਹਾ ਕੋਈ ਸਵਾਲ ਨਹੀਂ ਸੀ। ਉਹਨਾਂ ਅਨੁਸਾਰ ਸਾਰੀਆਂ ਸਨਅਤਾਂ ਸ਼ਹਿਰਾਂ 'ਚ ਹੋਣੀਆਂ ਚਾਹੀਦੀਆਂ ਹਨ। ਸਾਰੀ ਵਸੋਂ

ਸ਼ਹਿਰਾਂ ’ਚ ਰਹਿਣੀ ਚਾਹੀਦੀ ਹੈ। ਜੇਕਰ ਅਜਿਹਾ ਹੋਵੇਗਾ ਤਾਂ ਲੋਕਾਂ ਦੀ ਆਰਥਿਕ ਹਾਲਤ ਸੁਧਰ ਜਾਵੇਗੀ। ਇਹੀ ਹੈ ਇੱਕੋ ਇੱਕ ‘ਮੁਕਤੀ’!

ਪਰ ਸਹੀ ਹੱਲ ਉਹ ਹੈ ਜਿਹੜਾ ‘ਦੇਸ਼-ਪਰਦੇਸ਼’ ਦਾ ਫਰਕ (ਪਿੰਡਾਂ ਅਤੇ ਸ਼ਹਿਰਾਂ ਦੀ ਵਿਰੋਧਤਾਈ) ਮਿਟਾ ਦੇਵੇ। ਅਜਿਹਾ ਨਹੀਂ ਹੋਣਾ ਚਾਹੀਦਾ ਕਿ ਇੱਕ ਖੇਤਰ ’ਚ ਸੁੱਖ-ਸੁਵਿਧਾ ਘੱਟ ਹੋਵੇ ਜਦੋਂ ਕਿ ਦੂਜੇ ’ਚ ਵੱਧ। ਵਸੋਂ ਨੂੰ ਪੂਰੇ ਭੂ-ਖੇਤਰ ’ਚ ਫੈਲ ਜਾਣਾ ਚਾਹੀਦਾ ਹੈ ਜਿੱਥੇ ਕਿਤੇ ਵੀ ਰਹਿਣ ਲਾਇਕ ਹੋਵੇ। ਖੇਤੀ ਅਤੇ ਸਨਅਤ ਸਾਰੇ ਖੇਤਰਾਂ ’ਚ ਫੈਲਿਆ ਰਹਿਣਾ ਚਾਹੀਦਾ ਹੈ। ਇੱਕ ਅਜਿਹੀ ਕਿਰਤ ਵੰਡ ਹੋਣੀ ਚਾਹੀਦੀ ਹੈ ਜਿਸ ’ਚ ਸਾਰੇ ਲੋਕ ਖੇਤੀ ਅਤੇ ਸਨਅਤ ਦੋਨਾਂ ਤਰ੍ਹਾਂ ਦੀ ਕਿਰਤ ਕਰ ਸਕਣ। ਜੇਕਰ ਬਰਾਬਰੀ ਦੇ ਇਸ ਨਜ਼ਰੀਏ ਨਾਲ਼ ਪ੍ਰਬੰਧ ਕੀਤਾ ਜਾਵੇਗਾ ਕਿ ‘ਸਾਨੂੰ ਸਾਰੇ ਖੇਤਰਾਂ ਨੂੰ ਵਿਕਸਿਤ ਕਰਨਾ ਹੈ’ ਤਦ ਇਸ ਤਰ੍ਹਾਂ ਦੇ ਫਰਕ ਮਿਟ ਜਾਣਗੇ ਕਿ ‘ਇਹ ਪਿੰਡ ਹੈ’ ਅਤੇ ‘ਇਹ ਸ਼ਹਿਰ ਹੈ’। ਇਹ ਮਾਰਕਸਵਾਦੀ ਵਿਚਾਰ ਹੈ।

ਜਦੋਂ ਕਿ ਅੰਬੇਡਕਰ ਅਨੁਸਾਰ ਸਰਕਾਰ ਨੂੰ ‘ਸ਼ਹਿਰੀਕਰਨ’ ਨੂੰ ਹੱਲ੍ਹਾਸ਼ੇਰੀ ਦੇਣੀ ਚਾਹੀਦੀ ਹੈ। ਬਰਾਬਰੀ ਦੇ ਨਜ਼ਰੀਏ ਨਾਲ਼ ਸਹੀ ਹੱਲ ਇਹ ਹੈ ਕਿ ਸਾਨੂੰ ਸ਼ਹਿਰੀਕਰਨ ਨੂੰ ‘ਸੀਮਤ’ ਕਰਨਾ ਪਏਗਾ। ਦੋਨੋਂ ਬਿਲਕੁਲ ਵਿਰੋਧੀ ਸਿਧਾਂਤ ਹਨ।

ਇਸ ਤਰ੍ਹਾਂ ਹਰ ਮੋੜ ’ਤੇ ਅਸੀਂ ਅੰਬੇਡਕਰ ਦੀ ਧਾਰਨਾ ਨੂੰ ਅਸੰਗਤ ਦੇਖਦੇ ਹਾਂ।

**ਇੱਥੇ ਸਾਨੂੰ ‘ਰਿਜ਼ਰਵੇਸ਼ਨ’ ਦੇ ਸਵਾਲ ਨੂੰ ਚੇਤੇ ਕਰਨਾ ਹੋਵੇਗਾ।**

ਭਾਵੇਂ 50 ਸਾਲਾਂ ਤੋਂ ਰਿਜ਼ਰਵੇਸ਼ਨ ਹੋਂਦ ’ਚ ਹੈ ਪਰ ਸਿੱਖਿਆ ਛੋਟੀਆਂ ਜਾਤਾਂ ਦੀ ਜ਼ਿਆਦਾਤਰ ਵਸੋਂ ਦੀ ਪਹੁੰਚ ਤੋਂ ਬਾਹਰ ਹੈ। ਜਿਸਦੀ ਭਾਵ ਇਹ ਹੈ ਕਿ ਰਿਜ਼ਰਵੇਸ਼ਨ ਨਾਲ਼ ਨੀਵੀਂਆਂ ਜਾਤਾਂ ਦੇ ਸਾਰੇ ਲੋਕਾਂ ਨੂੰ ਸਿੱਖਿਅਤ ਨਹੀਂ ਕੀਤਾ ਜਾ ਸਕਦਾ।

ਇਹ ਵੀ ਕਿ, ਰਿਜ਼ਰਵੇਸ਼ਨ ਦਾ ਪ੍ਰਬੰਧ ਅਸਥਾਈ ਤੌਰ ’ਤੇ ਹੈ ਜਿਹੜਾ ਕਿ ਇੱਕ ਵਿਸ਼ੇਸ਼ ਵਕਫ਼ੇ ਤੱਕ ਚੱਲੇਗਾ ਅਤੇ ਇਹ ਸਥਾਈ ਨਹੀਂ ਹੈ।

ਠੀਕ ਹੈ, ਪਰ ਜੇਕਰ ਸਰਕਾਰ ਰਾਹੀਂ ਰਿਜ਼ਰਵੇਸ਼ਨ ਨੂੰ ਸਥਾਈ ਕਰ ਦਿੱਤਾ ਜਾਵੇ ਤਾਂ ਕੀ ਇਸ ਨਾਲ਼ ਦਲਿਤ ਸਵਾਲ ਹੱਲ ਹੋ ਜਾਵੇਗਾ? ਰਿਜ਼ਰਵੇਸ਼ਨ ਨੂੰ ਸਥਾਈ ਬਣਾਉਣ ਦਾ ਕੀ ਅਰਥ ਹੈ? ਕਿਉਂਕਿ ਰਿਜ਼ਰਵੇਸ਼ਨ ਜਾਤ ਦੇ ਅਧਾਰ ’ਤੇ ਹੁੰਦੀ ਹੈ, ਤਾਂ ਰਿਜ਼ਰਵੇਸ਼ਨ ਦੀ ਨਿਰੰਤਰਤਾ ਜਾਤਾਂ ਦੀ ਨਿਰੰਤਰਤਾ ਨੂੰ ਪ੍ਰਗਟ ਕਰੇਗੀ। ਇਹ ਕਹਿਣਾ ਕਿ, ‘ਰਿਜ਼ਰਵੇਸ਼ਨ ਸਥਾਈ ਹੋਣੀ ਚਾਹੀਦੀ ਹੈ।’ ਇਹ ਪ੍ਰਗਟ ਕਰਦਾ ਹੈ ਕਿ ‘ਅਸੀਂ ਆਪਣੀਆਂ ਛੋਟੀਆਂ ਜਾਤਾਂ ਦੀ ਹੋਂਦ ਸਥਾਈ ਰੂਪ ਨਾਲ਼ ਚਾਹੁੰਦੇ ਹਾਂ। ਅਸੀਂ ਸਦਾ ਨੀਵੀਂ ਜਾਤ ਦੇ ਬਣੇ ਰਹਾਂਗੇ’। ਇਸਦਾ ਅਰਥ ਇਹ ਹੋਵੇਗਾ ਕਿ ਰਿਜ਼ਰਵੇਸ਼ਨ ਦੀ ਨਿਰੰਤਰਤਾ ਛੋਟੀਆਂ ਜਾਤਾਂ ਨੂੰ ਨੁਕਸਾਨ ਪਹੁੰਚਾਏਗੀ।

ਜੇਕਰ ਕੁਝ ਸਮੇਂ ਮਗਰੋਂ ਰਿਜ਼ਰਵੇਸ਼ਨ-ਪ੍ਰਬੰਧ ਖਤਮ ਕਰ ਦਿੱਤਾ ਜਾਵੇ ਤਾਂ ਨੀਵੀਂਆਂ ਜਾਤਾਂ ਦੀ ਕੀ ਹਾਲਤ ਹੋਵੇਗੀ? ਤਦ ਤਕ, ਉਹਨਾਂ ਨੀਵੀਂਆਂ ਜਾਤਾਂ ਦਾ ਕੁੱਝ ਹਿੱਸਾ ਰਿਜ਼ਰਵੇਸ਼ਨ-ਪ੍ਰਬੰਧ ਰਾਹੀਂ ਉੱਚ ਸਿੱਖਿਆ ਅਤੇ ਮਾਨਸਿਕ ਕਿਰਤ ’ਚ ਪ੍ਰਵੇਸ਼ ਕਰ ਚੁੱਕਾ ਹੋਵੇਗਾ। ਉਹਨਾਂ ਦੀ ਆਰਥਿਕ ਹਾਲਤ ਕੁੱਝ ਹੱਦ ਤਕ ਸੁਧਰ ਚੁੱਕੀ ਹੋਵੇਗੀ। ਪਰ ਉਹਨਾਂ ਨੀਵੀਂਆਂ ਜਾਤਾਂ ਦੀ ਜ਼ਿਆਦਾਤਰ ਵਸੋਂ ‘ਭੀਸ਼ਣ ਕੰਗਾਲੀ’ ’ਚ ਰਹਿੰਦੀ ਆਈ ਹੈ ਅਤੇ ਸਭ ਤੋਂ ਹੇਠਲੇ ਦਰਜੇ ਦੀ ਸਰੀਰਕ ਕਿਰਤ ਨਾਲ਼

ਬੱਝੀ ਰਹੀ ਹੈ। ਇਸ ਬਹੁਗਿਣਤੀ ਵਸੋਂ ਲਈ ਰਿਜ਼ਰਵੇਸ਼ਨ ਪ੍ਰਬੰਧ ਦਾ ਬਣਿਆ ਰਹਿਣਾ ਅਤੇ ਇਸਨੂੰ ਖਤਮ ਕਰਨਾ ਇੱਕੋ ਹੀ ਗੱਲ ਹੈ। ਸਮੇਂ ਦੇ ਕਿਸੇ ਵੀ ਦੌਰ 'ਚ ਬਹੁਗਿਣਤੀ ਵਸੋਂ ਲਈ ਰਿਜ਼ਰਵੇਸ਼ਨ ਪ੍ਰਬੰਧ ਕਿਸੇ ਕੰਮ ਦਾ ਨਹੀਂ। ਇਸਦਾ ਅਰਥ ਇਹ ਹੁੰਦਾ ਹੈ ਕਿ ਜੇਕਰ ਥੋੜ੍ਹੇ ਜਿਹੇ ਲੋਕਾਂ ਦੀ ਨਹੀਂ ਸਗੋਂ ਨੀਵੀਂਆਂ ਜਾਤਾਂ ਦੇ ਸਾਰੇ ਲੋਕਾਂ ਦੀ ਪ੍ਰਗਤੀ ਚਾਹੀਦੀ ਹੈ ਤਾਂ ਸਾਨੂੰ 'ਰਿਜ਼ਰਵੇਸ਼ਨ-ਪ੍ਰਬੰਧ ਦੀ ਲਗਾਤਾਰਤਾ' 'ਤੇ ਟੇਕ ਨਹੀਂ ਰੱਖਣੀ ਚਾਹੀਦੀ ਸਗੋਂ ਉਸ ਸਿਧਾਂਤ 'ਤੇ ਟੇਕ ਰੱਖਣੀ ਚਾਹੀਦੀ ਹੈ ਜਿਹੜਾ ਉਹਨਾਂ ਨੂੰ ਕਿਰਤ ਦੀ ਲੁੱਟ ਤੋਂ ਮੁਕਤ ਕਰੇ।

ਇਸਨੂੰ ਧਿਆਨ 'ਚ ਰੱਖਦੇ ਹੋਏ ਜਾਤ-ਪ੍ਰਬੰਧ ਖਤਮ ਕਰਨ ਲਈ ਕੀ ਹੋਣਾ ਚਾਹੀਦਾ ਹੈ ? ਸਭ ਲੋਕ ਇਹ ਕਹਿ ਸਕਦੇ ਹਨ ਕਿ 'ਅੰਤਰ-ਜਾਤੀ ਵਿਆਹ ਹੋਣੇ ਚਾਹੀਦੇ ਹਨ ! ਜੇਕਰ ਅੰਤਰ-ਜਾਤੀ ਵਿਆਹ ਹੋਣ ਲੱਗਣਗੇ ਤਾਂ ਹੋਰ ਹਾਲਤਾਂ ਕਿਵੇਂ ਬਦਲਣਗੀਆਂ ? ਨੀਵੀਂਆਂ ਜਾਤਾਂ ਦੀ ਆਰਥਕ ਹਾਲਤ 'ਚ ਸੁਧਾਰ ਹੋਣਾ ਚਾਹੀਦਾ ਹੈ। ਜੇਕਰ ਅਜਿਹਾ ਨਹੀਂ ਹੋਵੇਗਾ ਅਤੇ ਜੇਕਰ ਸਾਰੀਆਂ ਨੀਵੀਂਆਂ ਜਾਤਾਂ ਪਹਿਲਾਂ ਦੀ ਹੀ ਤਰ੍ਹਾਂ ਗਰੀਬੀ 'ਚ ਬਣੀਆਂ ਰਹਿਣ, ਤਾਂ ਉੱਚ ਜਾਤਾਂ ਅਤੇ ਨੀਵੀਂਆਂ ਜਾਤਾਂ ਦੇ ਨੌਜਵਾਨ ਅਤੇ ਮੁਟਿਆਰਾਂ 'ਚ ਵਿਆਹ ਨਹੀਂ ਹੋ ਸਕਣਗੇ। ਅਰਥਾਤ ਜਾਤ ਪ੍ਰਬੰਧ ਖਤਮ ਕਰਨ ਲਈ ਸਾਨੂੰ ਕਿਰਤ ਦੀ ਲੁੱਟ ਵਾਲ਼ੇ ਸਿਧਾਂਤ 'ਤੇ ਟੇਕ ਰੱਖਣੀ ਹੋਵੇਗੀ।

ਭਾਵੇਂ ਜਿਸ ਵੀ ਨਜ਼ਰੀਏ ਨਾਲ਼ ਦੇਖਿਆ ਜਾਵੇ, ਦਲਿਤਾਂ ਦੀ ਸਮੱਸਿਆ ਹੱਲ ਕਰਨ ਲਈ ਕਿਰਤ ਦੀ ਲੁੱਟ ਤੋਂ ਮੁਕਤੀ ਦੇ ਇਲਾਵਾ ਅਸ਼ਟਾਂਗ ਮਾਰਗ ਜਿਹਾ ਕੋਈ ਦੂਜਾ ਨੁਸਖਾ ਜਾਂ ਹੱਥ ਕੰਡਾ ਪ੍ਰਭਾਵੀ ਨਹੀਂ ਹੋਵੇਗਾ।

ਪਰ ਅੰਬੇਡਕਰ ਨੇ ਦਲਿਤਾਂ ਨੂੰ ਸਦਾ 'ਕਿਸੇ ਵਿਸ਼ੇਸ਼ ਜਾਤ ਨਾਲ਼ ਸੰਬਧਿਤ ਲੋਕਾਂ ਦੇ ਰੂਪ 'ਚ' ਵੇਖਿਆ ਹੈ ਅਤੇ ਉਹਨਾਂ ਨੂੰ ਕਿਰਤੀ ਨਹੀਂ ਮੰਨਿਆ ਅਤੇ ਇਸ ਨਜ਼ਰੀਏ ਨਾਲ਼ ਹੱਲ ਨਹੀਂ ਸੁਝਾਇਆ ਹੈ। ਉਹਨਾਂ ਨੇ ਮਾਰਕਸਵਾਦ ਪ੍ਰਤੀ ਹਾਂ-ਪੱਖੀ ਰੁਖ਼ ਬਿਲਕੁਲ ਨਹੀਂ ਅਪਣਾਇਆ (ਮਾਰਕਸਵਾਦ, ਅਰਥਾਤ ਉਹ ਸਿਧਾਂਤ ਜਿਹੜਾ ਕਿਰਤ ਦੀ ਲੁੱਟ ਦੀ ਵਿਆਖਿਆ ਕਰਦਾ ਹੈ)। ਉਹਨਾਂ ਨੇ ਉਹਨਾਂ ਨੂੰ ਵਾਰੀ-ਵਾਰੀ ਅਤੇ ਵਾਰੀ-ਵਾਰੀ ਇਹੀ ਚਿਤਾਵਨੀ ਦਿੱਤੀ ਕਿ ਇਸ ਸਿਧਾਂਤ ਦਾ ਪਾਲਣ ਨਾ ਕਰੋ ਅਤੇ ਇਸ ਤਰ੍ਹਾਂ ਉਹਨਾਂ ਨੇ ਗਿਆਨ ਦਾ ਰਾਹ ਹੀ ਬੰਦ ਕਰ ਦਿੱਤਾ। ਉਹ ਭੀਸ਼ਣ ਨੁਕਸਾਨ ਹੈ ਜਿਹੜਾ ਅੰਬੇਡਕਰ ਨੇ ਦਲਿਤਾਂ ਦਾ ਕੀਤਾ ! ਦਲਿਤਾਂ ਨੂੰ ਜਮਾਤੀ ਸੰਘਰਸ਼ ਦਾ ਰਾਹ ਨਾ ਵਿਖਾ ਕੇ ਉਹਨਾਂ ਨੂੰ ਰਿਜ਼ਰਵੇਸ਼ਨ ਦਿਲਾਸਾ ਦੇਣ ਦਾ ਅਰਥ ਇਹ ਹੈ ਕਿ, ਜਿਵੇਂ ਕਿ ਤੇਲਗੂ ਕਹਾਵਤ ਹੈ, 'ਟੰਗਾਂ ਤੋੜ ਕੇ ਡੰਡਾ ਫੜ੍ਹਾ ਦੇਣਾ'। ਇਹ ਉਂਵ ਹੀ ਹੈ ਜਿਵੇਂ ਕਿ ਕਿਸੇ ਵਿਅਕਤੀ ਦੀ ਆਪਣੇ ਦਮ 'ਤੇ ਚੱਲਣ ਦੀ ਸਮਰੱਥਾ ਖਤਮ ਕਰਕੇ ਉਸਨੂੰ ਅਪਾਹਜ ਬਣਾ ਦਿੱਤਾ ਜਾਵੇ।

ਕੁਝ ਸਿੱਖਿਅਤ ਦਲਿਤ ਅੰਬੇਡਕਰ ਦੇ ਸੁਰ 'ਚ ਸੁਰ ਮਿਲ਼ਾ ਕੇ ਬੋਲਦੇ ਹਨ, 'ਅੰਬੇਡਕਰ ਨੇ ਮਾਰਕਸ ਦੇ ਮੁਕਾਬਲੇ ਵਧੇਰੇ ਵਧੀਆ ਪ੍ਰੋਗਰਾਮ ਦਿੱਤਾ ਹੈ'। ਪਰ ਕੁਝ ਚਤੁਰ ਸਿੱਖਿਅਤ ਦਲਿਤ ਇਹ ਕਹਿੰਦੇ ਹਨ ਕਿ, 'ਦਲਿਤਾਂ ਨੂੰ ਰਿਜ਼ਰਵੇਸ਼ਨ ਦੇ ਨਾਲ਼-ਨਾਲ਼ ਮਾਰਕਸਵਾਦ ਦੀ ਵੀ ਜ਼ਰੂਰਤ ਹੈ। ਅਸੀਂ ਇਸ ਤੋਂ ਇਨਕਾਰ ਨਹੀਂ ਕਰ ਸਕਦੇ'। ਸ਼ਾਇਦ ਉਹਨਾਂ ਦੀ ਸੋਚ ਇਹ ਰਹਿੰਦੀ ਹੈ ਕਿ 'ਬੇ-

ਵਜ੍ਹਾ ਤਕਰਾਰ ਕਿਉਂ ਕੀਤੀ ਜਾਵੇ। ਇਹ ਚੰਗਾ ਹੈ ਕਿ ਮਾਰਕਸਵਾਦ ਨੂੰ ਵੀ ਅਪਣਾ ਲਿਆ ਜਾਵੇ!' ਪਰ ਸਾਨੂੰ ਇਹ ਜਾਣਕਾਰੀ ਨਹੀਂ ਹੈ ਕਿ ਅਜਿਹੇ ਦਲਿਤਾਂ ਨੂੰ ਇਹ ਪਤਾ ਹੈ ਜਾਂ ਨਹੀਂ ਕਿ ਅੰਬੇਡਕਰ ਨੇ ਇਸਦੀ ਲੋੜ ਮਹਿਸੂਸ ਨਹੀਂ ਕੀਤੀ ਸੀ।

ਜੇਕਰ ਸਿੱਖਿਅਤ ਦਲਿਤ ਇਸ ਤੱਥ ਤੋਂ ਅਣਜਾਣ ਨਾ ਹੋਣ ਕਿ ਅੰਬੇਡਕਰ ਨੇ ਮਾਰਕਸਵਾਦ ਦਾ ਪ੍ਰਚੰਡ ਵਿਰੋਧ ਕੀਤਾ ਸੀ, ਤਦ ਤਾਂ ਸਭ ਤੋਂ ਪਹਿਲਾਂ ਉਹਨਾਂ ਨੂੰ ਇਸ ਨੂੰ ਜਾਣ ਲੈਣਾ ਪਏਗਾ। ਜੇਕਰ ਉਹ ਅੰਬੇਡਕਰ ਦੇ ਵਿਚਾਰਾਂ ਨੂੰ ਜਾਣਨ ਮਗਰੋਂ ਮਾਰਕਸਵਾਦ ਨੂੰ ਸਵੀਕਾਰ ਕਰਦੇ ਹਨ, ਤਦ ਉਹਨਾਂ ਨੂੰ ਪਹਿਲਾਂ ਮਾਰਕਸਵਾਦ ਪ੍ਰਤੀ ਅੰਬੇਡਕਰ ਦੀ ਨਾਂ-ਪੱਖੀ ਸੋਚ ਦੀ ਅਲੋਚਨਾ ਕਰਨੀ ਹੋਵੇਗੀ। ਉਹਨਾਂ ਨੂੰ ਇਹ ਸਾਫ਼-ਸਾਫ਼ ਐਲਾਨ ਕਰਨਾ ਹੋਵੇਗਾ ਕਿ ਅੰਬੇਡਕਰ ਦੀ ਮਾਰਕਸਵਾਦ ਬਾਰੇ ਸਮਝ ਗਲਤ ਹੈ। ਜੇਕਰ ਉਹ ਅਜਿਹੇ ਐਲਾਨ ਨਹੀਂ ਕਰਦੇ ਹਨ ਅਤੇ ਇਸਨੂੰ ਟਾਲ਼ ਜਾਂਦੇ ਹਨ ਅਤੇ ਇਸੇ ਬਿਆਨ ਨਾਲ ਸੰਤੁਸ਼ਟ ਰਹਿੰਦੇ ਹਨ ਕਿ 'ਦਲਿਤਾਂ ਨੂੰ ਮਾਰਕਸਵਾਦ ਦੀ ਲੋੜ ਹੈ', ਤਾਂ ਇਸਦਾ ਅਰਥ ਇਹ ਹੋਵੇਗਾ ਕਿ ਉਹ, ਉਹ ਗੱਲ ਨਹੀਂ ਕਹਿੰਦੇ ਹਨ ਜਿਸ 'ਚ ਉਹਨਾਂ ਦਾ ਵਿਸ਼ਵਾਸ਼ ਰਹਿੰਦਾ ਹੈ।

ਪੜ੍ਹੇ-ਲਿਖੇ ਦਲਿਤਾਂ ਦੀ ਇੱਕ ਦੂਜੀ ਕੈਟੇਗਰੀ ਇਹ ਕਹਿੰਦੀ ਹੈ ਕਿ, 'ਮਾਰਕਸਵਾਦੀ ਤਾਂ ਸਦਾ ਤੋਤਾ ਰਟਣ ਵਾਲ਼ੀ ਬੋਲੀ ਬੋਲਦੇ ਹਨ, ਜਿਵੇਂ ਕਿ 'ਕਿਰਤ ਦੀ ਲੁੱਟ' ਅਤੇ 'ਵਾਫ਼ਰ ਕਦਰ' ਆਦਿ। ਜੇਕਰ ਕਿਰਤ ਦੀ ਲੁੱਟ ਬਾਰੇ ਗੱਲ ਕਰਨਾ ਤੋਤਾ ਰਟਣ ਵਾਲ਼ੀ ਭਾਸ਼ਾ ਹੈ ਤਾਂ ਕੀ ਉਹਨਾਂ ਦਾ 'ਜਾਤ'! 'ਜਾਤ'! 'ਜਾਤ'! ਚੀਕਣਾ ਤੋਤਾ ਰਟਣ ਵਾਲ਼ੀ ਭਾਸ਼ਾ ਨਹੀਂ ਹੈ? ਅਜਿਹੇ ਲੋਕ ਸਮਾਜ ਨੂੰ ਭਲ਼ਾ ਕੀ ਸਮਝ ਸਕਣਗੇ? ਜਾਤ ਬਾਰੇ ਵੀ ਇਹ ਲੋਕ ਵੀ ਕੀ ਸਮਝ ਸਕਣਗੇ?

ਜੇਕਰ ਕਿਸੇ ਵਿਅਕਤੀ ਕੋਲ਼ ਕਿਰਤ ਸਬੰਧਾਂ ਦੀ ਠੀਕ ਜਾਣਕਾਰੀ ਨਹੀਂ ਹੈ ਤਾਂ ਉਹ ਭਾਵੇਂ ਕਿੰਨਾ ਹੀ ਭਲ਼ਾ ਕਿਉਂ ਨਾ ਹੋਵੇ, ਉਹ ਨਾ ਤਾਂ ਆਪਣੀ ਹਾਲਤ ਨੂੰ ਸਮਝ ਸਕਦਾ ਹੈ ਅਤੇ ਨਾ ਹੀ ਆਪਣੇ ਮਿੱਤਰ-ਰਿਸ਼ਤੇਦਾਰਾਂ ਦੀ ਹਾਲਤ ਨੂੰ ਸਮਝ ਸਕਦਾ ਹੈ।

ਜਿਹੜੇ ਦਲਿਤ ਜਮਾਤਾਂ ਬਾਰੇ ਕੁਝ ਵੀ ਨਹੀਂ ਜਾਣਦੇ ਹਨ ਅਤੇ ਜਿਹੜੇ ਉੱਚ ਸਿੱਖਿਆ ਹਾਸਲ ਕਰਨ 'ਚ ਸਮਰੱਥ ਹਨ, ਉੱਚੀਆਂ ਨੌਕਰੀਆਂ ਲੈਣ 'ਚ ਕਾਮਯਾਬ ਹੋ ਜਾਂਦੇ ਹਨ ਅਤੇ ਸੰਪਤੀ ਇਕੱਠੀ ਕਰ ਲੈਂਦੇ ਹਨ ਉਹਨਾਂ ਲੋਕਾਂ ਦਾ ਅਣਗਿਣਤ ਗਰੀਬਾਂ ਦੀਆਂ ਸਮੱਸਿਆਵਾਂ ਨਾਲ਼ ਕੋਈ ਸਰੋਕਾਰ ਨਹੀਂ ਹੁੰਦਾ ਹੈ। ਜਿਸ ਤਰ੍ਹਾਂ ਨਾਲ਼ ਉੱਚ ਜਾਤਾਂ ਦੇ ਸੰਪੱਤੀਸ਼ਾਲੀ ਲੋਕਾਂ ਦਾ ਆਪਣੀ ਬਿਰਾਦਰੀ ਦੇ ਗਰੀਬਾਂ ਨਾਲ਼ ਕੋਈ ਸਰੋਕਾਰ ਨਹੀਂ ਰਹਿੰਦਾ ਹੈ, ਠੀਕ ਉਂਵ ਹੀ ਨੀਵੀਂਆਂ ਜਾਤਾਂ ਦੇ ਆਰਥਿਕ ਰੂਪ ਨਾਲ਼ ਸੰਪੰਨ ਹੋ ਚੁੱਕੇ ਵਿਅਕਤੀਆਂ ਦਾ ਵੀ ਆਪਣੀ ਹੀ ਜਾਤ ਦੇ ਗਰੀਬਾਂ ਨਾਲ਼ ਕੋਈ ਸਰੋਕਾਰ ਬਿਲਕੁਲ ਨਹੀਂ ਰਹਿੰਦਾ ਹੈ। ਰਿਜ਼ਰਵੇਸ਼ਨ-ਤਹਿਰੀਕ ਉਹਨਾਂ ਨੂੰ ਅਜਿਹੀ ਜਾਣਕਾਰੀ ਨਹੀਂ ਪ੍ਰਦਾਨ ਕਰਦੀ ਹੈ।

ਰਿਜ਼ਰਵੇਸ਼ਨ ਦੇ ਰਾਹ ਦੀ ਗਲਤ ਜਾਣਕਾਰੀ ਕਾਰਨ ਨੀਵੀਂ ਜਾਤ ਦੇ ਪੜ੍ਹੇ ਲਿਖੇ ਵਿਅਕਤੀਆਂ 'ਚ ਇੱਕ ਬਹੁਤ ਹੀ ਨਾਂਹ-ਪੱਖੀ ਲਖਣਾਇਕਤਾ ਵਿਕਸਿਤ ਹੋ ਚੁੱਕੀ ਹੈ, ਮਤਲਬ ਕਿ, ਅਤਿ ਜਾਤੀਵਾਦ! ਕਿਉਂਕਿ ਰਿਜ਼ਰਵੇਸ਼ਨ ਨਾਲ਼ ਕੁਝ ਲਾਭ ਦਿਖਾਈ ਦਿੰਦਾ ਹੈ। ਆਪਣੀ ਜਾਤ ਦੇ ਕਾਰਨ ਹੀ ਉਹ ਰਿਜ਼ਰਵੇਸ਼ਨ ਹਾਸਲ ਕਰਨ 'ਚ ਸਮਰੱਥ ਹਨ। ਇਸ ਲਈ ਆਪਣੀਆਂ

ਜਾਤਾਂ ਦਾ ਗੁਣਗਾਨ ਕਰਨਾ ਆਪਣਾ ਕੰਮ ਸਮਝਦੇ ਹਨ।

ਰਿਜ਼ਰਵੇਸ਼ਨ ਦਾ ਫ਼ਾਇਦਾ ਲੈਣ ਲਈ ਇਹ ਲਾਜ਼ਮੀ ਹੈ ਕਿ ਅਰਜ਼ੀ-ਪੱਤਰ 'ਚ ਜਾਤ ਦਾ ਵਰਨਣ ਕੀਤਾ ਜਾਵੇ। ਕੁਝ ਉਹਨਾਂ ਮੌਕਿਆਂ ਨੂੰ ਛੱਡ ਕੇ ਜਦੋਂ ਕਿ ਅਜਿਹਾ ਕਰਨਾ ਢੁੱਕਵਾਂ ਨਾ ਹੋਵੇ, ਦੈਨਿਕ ਜੀਵਨ 'ਚ ਜਾਤ ਦਾ ਜ਼ਿਕਰ ਨਹੀਂ ਕਰਨਾ ਚਾਹੀਦਾ ਹੈ। ਜਾਤ ਪਾਤ ਦੇ ਫਰਕਾਂ ਨੂੰ ਸਹਿਮਤੀ ਨਹੀਂ ਦਿੱਤੀ ਜਾਣੀ ਚਾਹੀਦੀ। ਨੀਵੀਂਆਂ ਜਾਤਾਂ ਦੇ ਲੋਕਾਂ ਨੂੰ ਜਾਤ ਦਾ ਜ਼ਿਕਰ ਨਹੀਂ ਪਸੰਦ ਕਰਨਾ ਚਾਹੀਦਾ ਹੈ। ਉਹਨਾਂ ਦਾ ਇਹੀ ਉਦੇਸ਼ ਹੋਣਾ ਚਾਹੀਦਾ ਹੈ ਕਿ ਇਹ ਬੁਰਾਈ ਜੜ੍ਹ ਤੋਂ ਖਤਮ ਹੋ ਜਾਵੇ।

ਰਿਜ਼ਰਵੇਸ਼ਨ ਦਾ ਫ਼ਾਇਦਾ ਲੈਣ ਦਾ ਇਹ ਅਰਥ ਨਹੀਂ ਹੁੰਦਾ ਹੈ ਕਿ ਜਾਤ ਦੀ ਪੂਜਾ ਕਰਨ ਲੱਗ ਜਾਉ, ਜਾਂ ਕਿ ਤੇਲਗੂ ਮੁਹਾਵਰੇ ਦੀ ਵਰਤੋਂ ਕਰੀਏ ਤਾਂ 'ਉਸਨੂੰ ਸਿਰ 'ਤੇ ਨਹੀਂ ਬਿਠਾ ਲੈਣਾ ਚਾਹੀਦਾ'। ਪਰ ਇਹ ਇੱਕ ਛੋਟੀ ਜਿਹੀ ਗੱਲ ਪੜ੍ਹੇ ਲਿਖੇ ਦਲਿਤਾਂ ਦੀ ਸਮਝ 'ਚ ਨਹੀਂ ਆ ਰਹੀ ਹੈ। ਮੱਲਾ ਅਤੇ ਮਾਦਿਗ (ਆਂਧਰਾ ਪ੍ਰਦੇਸ਼ ਦੀਆਂ ਦੋ ਦਲਿਤ ਜਾਤਾਂ – ਅਨੁਵਾਦਕ) ਹੋਣ ਦੇ ਨਾਤੇ ਜਿਸ ਘੋਰ ਜ਼ੁਲਮ ਦਾ ਸਾਹਮਣਾ ਉਹਨਾਂ ਨੂੰ ਕਰਨਾ ਪੈਂਦਾ ਹੈ ਉਸ 'ਤੇ ਗੁੱਸੇ ਹੋਣ ਦੀ ਬਜਾਏ ਉਹ ਸ਼ਾਨ ਨਾਲ਼ ਇਹ ਕਹਿੰਦੇ ਹਨ ਕਿ, "ਮੈਂ ਮੱਲਾ ਹਾਂ! ਮੈਂ ਮਾਦਿਗ ਹਾਂ!" ਉਹ 'ਤਿਰਸਕਾਰ' ਨੂੰ 'ਸਵਾਗਤ' ਮੰਨ ਕੇ ਚੱਲ ਰਹੇ ਹਨ। ਅਰਥਾਤ ਬਿਲਕੁਲ ਉਲਟੇ ਢੰਗ ਨਾਲ਼! ਦੂਜੇ ਸ਼ਬਦਾਂ 'ਚ, ਜਿਹੜਾ ਹੋਣਾ ਚਾਹੀਦਾ ਹੈ ਉਸਦਾ ਠੀਕ ਉਲਟਾ! ਜਾਤ-ਪ੍ਰਬੰਧ ਬਾਰੇ ਦਲਿਤ ਕਾਰਕੁੰਨਾਂ ਦੀ ਸਮਝ ਅਤੇ ਬੋਧ ਦੀ ਇੰਨੀ ਤਰਸਯੋਗ ਹਾਲਤ!

ਇਸ ਨਾਲ਼ ਉੱਚ ਜਾਤ ਦੇ ਲੋਕ ਕਈ ਤਰ੍ਹਾਂ ਨਾਲ਼ ਖੁਸ਼ ਹੋਣਗੇ। ਕਿਉਂਕਿ ਨੀਵੀਂਆਂ ਜਾਤਾਂ ਦੇ ਲੋਕਾਂ 'ਚ ਜਮਾਤੀ ਨਜ਼ਰੀਆ ਨਹੀਂ ਆ ਸਕਿਆ ਹੈ, ਉਹ ਉੱਚ ਜਾਤਾਂ ਦੀਆਂ ਸੰਪੱਤੀਆਂ ਵੱਲ ਨਜ਼ਰ ਵੀ ਨਹੀਂ ਮਾਰਨਗੇ। ਲੋਟੂਆਂ ਨੂੰ ਅਜਿਹੀਆਂ ਨੀਵੀਂਆਂ ਜਾਤਾਂ ਦੇ ਲੋਕਾਂ ਤੋਂ ਕੋਈ ਖਤਰਾ ਨਹੀਂ ਹੈ। ਸੰਪੱਤੀਸ਼ਾਲੀ ਜਮਾਤ ਦੀ ਪ੍ਰਸੰਨਤਾ ਦਾ ਇਹ ਪਹਿਲਾ ਕਾਰਨ ਹੈ।

ਨੀਵੀਂਆਂ ਜਾਤਾਂ ਦੇ ਕਾਰਕੁੰਨ ਆਪਣੀ ਜਾਤ ਦੀ ਤਾਰੀਫ਼ ਕਰ ਰਹੇ ਹਨ ਅਤੇ ਆਪਣੀਆਂ ਜਾਤਾਂ ਨੂੰ ਬਣਾਈ ਰੱਖਣ ਦੀ ਧਾਰਨਾ 'ਤੇ ਕਾਇਮ ਹਨ। ਮੱਲਾ ਮੱਲਾ ਦੇ ਰੂਪ 'ਚ, ਮਾਦਿਗ ਮਾਦਿਗ ਦੇ ਰੂਪ 'ਚ, ਰਾਜਕ ਰਾਜਕ ਦੇ ਰੂਪ 'ਚ, ਯਾਦਵ ਯਾਦਵ ਦੇ ਰੂਪ 'ਚ .... ਇਸ ਤਰ੍ਹਾਂ ਛੋਟੀਆਂ ਜਾਤਾਂ ਦੇ ਲੋਕ ਆਪਣੀ-ਆਪਣੀ ਜਾਤ ਨੂੰ ਸ਼ਰਧਾ ਨਾਲ਼ ਦੇਖ ਰਹੇ ਹਨ ਅਤੇ ਖੁਸ਼ੀ ਨਾਲ਼ ਪਾਗਲ ਹੋ ਰਹੇ ਹਨ। ਇਸ ਤਰ੍ਹਾਂ ਦੇ ਕਾਰਕੁੰਨਾਂ ਕਰਕੇ ਜਿਨ੍ਹਾਂ ਦਾ ਕਿ ਇਹ ਉਦੇਸ਼ ਨਹੀਂ ਹੈ ਕਿ ਜਾਤ-ਪਾਤ ਨੂੰ ਨਾ ਮੰਨਿਆ ਜਾਵੇ, ਜਾਤ-ਪ੍ਰਬੰਧ ਸਦਾ ਲਈ ਅਟੁੱਟ ਬਣਿਆ ਰਹੇਗਾ। ਉੱਚ ਜਾਤਾਂ ਦੇ ਲੋਕਾਂ ਦੀ ਖੁਸ਼ੀ ਦਾ ਇਹ ਦੂਜਾ ਕਾਰਨ ਹੈ।

ਜੇਕਰ ਰਿਜ਼ਰਵੇਸ਼ਨ ਪ੍ਰਬੰਧ ਚੱਲਦਾ ਰਹੇਗਾ ਤਾਂ ਛੋਟੀਆਂ ਜਾਤਾਂ ਦੇ ਵੋਟ ਉੱਚ ਜਾਤ ਦੀਆਂ ਧਨਾਢ ਜਮਾਤਾਂ ਨੂੰ ਮਿਲ਼ਦੇ ਰਹਿਣਗੇ। ਧਨਾਢ ਜਮਾਤਾਂ ਦੀ ਖੁਸ਼ੀ ਦੀ ਇਹ ਤੀਜੀ ਵਜ੍ਹਾ ਹੈ। ਉਹ ਇੰਞ ਹੀ ਹੋਰ ਵੀ ਤਰ੍ਹਾਂ ਨਾਲ਼ ਖੁਸ਼ ਹੋ ਸਕਦੇ ਹਨ।

ਕਿਉਂਕਿ ਅੰਬੇਡਕਰ ਨੇ ਛੋਟੀਆਂ ਜਾਤੀਆਂ ਨੂੰ ਜਮਾਤੀ ਨਜ਼ਰੀਏ ਤੋਂ ਦੂਰ ਰੱਖਿਆ ਅਤੇ ਕਿਉਂਕਿ ਇਨ੍ਹਾਂ ਜਾਤਾਂ ਦੇ ਕਾਰਕੁੰਨਾਂ 'ਚ ਕਈ ਗਲਤ ਸੰਕਲਪ ਮੌਜੂਦ ਹਨ, ਇਸ ਨਾਲ਼ ਉੱਚ

ਜਾਤਾਂ ਅਤੇ ਧਨਾਢ ਜਮਾਤਾਂ ਨੂੰ ਜਿਹੜਾ ਲਾਭ ਮਿਲ਼ੇਗਾ ਉਸਦੀ ਕੋਈ ਹੱਦ ਨਹੀਂ ਹੈ।

ਉੱਚ ਜਾਤਾਂ ਦੇ ਕੁਝ ਮੂਰਖ ਲੋਕ ਬਿਨਾਂ ਇਹ ਸਭ ਜਾਣੇ-ਬੁਝੇ ਰਿਜ਼ਰਵੇਸ਼ਨ ਤੋਂ ਚਿੜ੍ਹੇ ਰਹਿੰਦੇ ਹਨ।ਉਹ ਗੁੱਸੇ 'ਚ ਆ ਕੇ ਚੀਕਦੇ ਹਨ ਕਿ, 'ਰਿਜ਼ਰਵੇਸ਼ਨ ਪ੍ਰਬੰਧ ਕਦ ਤੱਕ ਚੱਲਦੇ ਰਹੇਗਾ ?' ਉਹ ਅਜਿਹਾ ਇਸ ਲਈ ਕਰਦੇ ਹਨ ਕਿਉਂਕਿ ਰਿਜ਼ਰਵੇਸ਼ਨਾਂ ਤੋਂ ਮਿਲ਼ਣ ਵਾਲ਼ੇ ਕਈ ਲਾਭਾਂ ਤੋਂ ਉਹ ਅਣਜਾਣ ਹਨ।

ਭਾਰਤ ਦੀ ਚਾਲਾਕ ਸਰਕਾਰ ਆਪਣੇ ਹੀ ਫਾਈਦੇ ਲਈ ਰਿਜ਼ਰਵੇਸ਼ਨ ਦੇ ਸਮੇਂ ਨੂੰ ਵਧਾਉਂਦੀ ਜਾ ਰਹੀ ਹੈ। ਰਿਜ਼ਰਵੇਸ਼ਨ ਪ੍ਰਬੰਧ ਨੂੰ ਸਥਾਈ ਕਰ ਦੇਣ 'ਚ ਇਸਦੀ ਚਤੁਰਾਈ ਹੋਵੇਗੀ। ਨੀਵੀਂਆਂ ਜਾਤਾਂ ਦੇ ਪੜ੍ਹੇ-ਲਿਖੇ ਵਿਅਕਤੀ ਸਥਾਈ ਰਿਜ਼ਰਵੇਸ਼ਨ ਪ੍ਰਬੰਧ ਨਾਲ ਮੁਕੰਮਲ ਤੌਰ 'ਤੇ ਸੰਤੁਸ਼ਟ ਹੋ ਜਾਣਗੇ।ਉਹ ਆਪਣੀ ਜਾਤ ਨੂੰ ਆਪਣੀ ਵਿਰਾਸਤ ਮੰਨਣਗੇ ਅਤੇ ਰਿਜ਼ਰਵੇਸ਼ਨ ਪ੍ਰਬੰਧ ਦੇ ਸਥਾਈ ਹੋ ਜਾਣ ਨਾਲ਼ ਉਸ 'ਚ ਸੰਤੁਸ਼ਟ ਰਹਿਣਗੇ।ਉੱਚ ਜਾਤਾਂ ਅਤੇ ਧਨਾਢ ਜਮਾਤਾਂ ਨੂੰ ਹੁਣ ਹੋਰ ਕੀ ਚਾਹੀਦਾ ਹੈ ?

**ਪਰ, ਅੰਬੇਡਕਰ ਨੂੰ ਦਲਿਤਾਂ ਨੂੰ ਕੀ ਸਿੱਖਿਆ ਦੇਣੀ ਚਾਹੀਦੀ ਸੀ ?**

ਕੰਗਾਲ ਜਾਤਾਂ ਦੇ ਨੁਮਾਇੰਦੇ ਦੇ ਰੂਪ 'ਚ ਅੰਬੇਡਕਰ ਦਾ ਅਹਿਸਾਸ ਕੀ ਹੋਣਾ ਚਾਹੀਦਾ ਸੀ ? ਉਹਨਾਂ ਨੂੰ ਦਲਿਤਾਂ ਨੂੰ ਕੀ ਸਿੱਖਿਆ ਦੇਣੀ ਚਾਹੀਦੀ ਸੀ ? ਉਹਨਾਂ ਨੂੰ ਇਹ ਸਿੱਖਿਆ ਦੇਣੀ ਚਾਹੀਦੀ ਸੀ ਕਿ ਰਿਜ਼ਰਵੇਸ਼ਨ ਦਾ ਰਾਹ ਤੁੱਛ ਅਤੇ ਡੰਗ-ਸਾਰੂ ਹੈ ਅਤੇ ਜਮਾਤੀ ਘੋਲ਼ ਦਾ ਰਾਹ ਵਧੀਆ ਅਤੇ ਟਿਕਾਊ ਹੈ।ਉਹਨਾਂ ਨੂੰ ਇਹ ਸਿੱਖਿਆ ਦੇਣੀ ਚਾਹੀਦੀ ਸੀ ਕਿ 'ਰਿਜ਼ਰਵੇਸ਼ਨ ਫੌਰੀ ਰਾਹਤ ਦਿੰਦਾ ਹੈ। ਇਸ ਰਾਹ ਨੂੰ ਲੰਮੇ ਸਮੇਂ ਤੱਕ ਚੱਲਣ ਦੇਣਾ ਜਾਤ ਪ੍ਰਬੰਧ ਨੂੰ ਲੰਬੇ ਸਮੇਂ ਤੱਕ ਚਲਾਉਣਾ ਹੈ। ਸਾਡਾ ਉਦੇਸ਼ ਜਾਤ ਪ੍ਰਬੰਧ ਨੂੰ ਖਤਮ ਕਰਨਾ ਹੋਣਾ ਚਾਹੀਦਾ ਹੈ। ਇਸ ਲਈ, ਰਿਜ਼ਰਵੇਸ਼ਨ ਪ੍ਰਬੰਧ ਲਮੇਂ ਸਮੇਂ ਤੱਕ ਬਣੇ ਰਹਿਣ ਨਾਲ਼ ਸਾਨੂੰ ਹੀ ਨੁਕਸਾਨ ਹੋਵੇਗਾ।ਲੁੱਟ ਦੇ ਵਿਰੁੱਧ ਜਮਾਤੀ ਸੰਘਰਸ਼ ਹੀ ਸਾਡੀ ਮੁਕਤੀ ਦਾ ਸਥਾਈ ਹੱਲ ਹੈ। ਉਹ ਹੈ ਮਾਰਕਸਵਾਦ। ਇਹੀ ਸਾਡਾ ਮੁਕਤੀ-ਪੱਥ ਹੈ ! ਰਿਜ਼ਰਵੇਸ਼ਨਾਂ ਦਾ ਲਾਭ ਲੈਂਦੇ ਹੋਏ ਹੀ ਜਮਾਤੀ ਸੰਘਰਸ਼ ਦੇ ਰਾਹ 'ਤੇ ਚੱਲੋ ! ਇਹੀ ਇੱਕਲਾ ਰਾਹ ਹੈ ਜਿਸ 'ਤੇ ਸਾਨੂੰ ਚੱਲਣਾ ਹੋਵੇਗਾ !'

ਪਰ ਅੰਬੇਡਕਰ ਨੇ ਅਜਿਹਾ ਕੁਝ ਨਹੀਂ ਕੀਤਾ।ਲੋਕਾਂ ਨੂੰ ਇਸ ਲੀਡਰ ਤੋਂ ਕੋਈ ਗਿਆਨ ਹਾਸਲ ਨਹੀਂ ਹੋਇਆ।

ਦਲਿਤਾਂ ਨੂੰ ਅੰਬੇਡਕਰ ਨਾਲ਼ ਜਿਹੜਾ ਕੁੱਝ ਹਾਸਲ ਹੋਇਆ ਉਹ ਹੈ 'ਰਿਜ਼ਰਵੇਸ਼ਨਾਂ ਦੀ ਗੁਲਾਮੀ ਅਤੇ ਧਾਰਮਿਕ ਰੂੜ੍ਹੀਵਾਦ'।

ਧਾਰਮਿਕ ਰੂੜ੍ਹੀਵਾਦ ਦਾ ਭਾਵੇਂ ਜਿਹੜਾ ਵੀ ਸਰੂਪ ਹੋਵੇ, ਤਰਕ ਅਤੇ ਪਦਾਰਥਵਾਦ ਹੀ ਹੱਲ ਹੋਵੇਗਾ।

ਜਾਤਪਾਤੀ ਵਖਰੇਵਿਆਂ ਦਾ ਹੱਲ ਹੈ, ਜਾਤ ਵਿਹੀਣਤਾ ਅਤੇ ਜਾਤ ਪ੍ਰਥਾ ਦੀ ਅਵੱਗਿਆ।

ਗਰੀਬੀ ਦਾ ਹੱਲ ਹੈ ਕਿਰਤ-ਲੁੱਟ ਖਿਲਾਫ਼ ਜਮਾਤੀ ਸੰਘਰਸ਼ ! ਉਹ ਜਮਾਤੀ-ਸੰਘਰਸ਼ ਜਿਹੜਾ ਤਦ ਤੱਕ ਜਾਰੀ ਰਹਿੰਦਾ ਹੈ ਜਦ ਤੱਕ ਕਿ ਲੋਟੂ ਕਿਰਤ ਸਬੰਧ ਤਬਦੀਲ ਨਾ ਹੋ ਜਾਣ !

ਬਰਾਬਰੀ ਦੀ ਬਹਾਲੀ!

ਪਰ, ਦਲਿਤਾਂ ਨੂੰ ਅੰਬੇਡਕਰ ਤੋਂ ਇਹ ਹੱਲ ਨਹੀਂ ਮਿਲੇ।

ਕਿਉਂਕਿ 'ਛੂਆ-ਛੂਤ' ਬਹੁਤ ਕਠਿਨ ਸਮੱਸਿਆ ਹੈ, ਇਸ ਲਈ ਜਿਹੜਾ ਵੀ ਸੁਧਾਰਕ ਇਸ ਬੁਰਾਈ ਦੇ ਵਿਰੁੱਧ ਲੜੇਗਾ ਉਸ ਨੂੰ ਲੋਕਾਂ ਦਾ ਬੇਹੱਦ ਸੁਨੇਹ ਅਤੇ ਮੁਹੱਬਤ ਹਾਸਲ ਹੋਵੇਗੀ। ਅੰਬੇਡਕਰ ਨੂੰ ਲੋਕਾਂ ਤੋਂ ਭਰਪੂਰ ਸੁਨੇਹ ਹਾਸਲ ਹੋਇਆ ਉਹਨਾਂ ਨੇ ਛੂਆ-ਛੂਤ ਵਿਰੁੱਧ ਆਪਣੇ ਸੰਘਰਸ਼ ਨੂੰ **ਰਿਜ਼ਰਵੇਸ਼ਨ ਤਹਿਰੀਕਾਂ** 'ਚ ਬਦਲ ਲਿਆ।

ਇਸ ਦੇ ਇਲਾਵਾ, **ਜਵਾਨੀ 'ਚ ਵਿਦੇਸ਼ 'ਚ ਪੜ੍ਹਾਈ** ਨਾਲ਼ ਉਹਨਾਂ ਦੀ ਪ੍ਰਸਿੱਧੀ ਦੇ ਢੇਰ ਲੱਗ ਗਏ। ਗੁਲਾਮ ਮੁਲਕ ਦੇ ਲੋਕਾਂ 'ਚ ਪੂੰਜੀਵਾਦੀ ਦੇਸ਼ਾਂ 'ਚ ਅਧਿਐਨ ਪ੍ਰਤੀ ਬਹੁਤ ਜ਼ਿਆਦਾ ਖਿੱਚ ਰਹਿੰਦੀ ਹੈ, ਭਾਵੇਂ ਕਿ ਉਹਨਾਂ ਡਿਗਰੀਆਂ ਨਾਲ਼ ਕੋਈ ਨਵਾਂ ਗਿਆਨ ਨਹੀਂ ਹੁੰਦਾ ਹੈ!

ਅੰਬੇਡਕਰ ਦੀ ਪ੍ਰਸਿੱਧੀ ਵਧਾਉਣ 'ਚ ਦੂਜਾ ਕਾਰਕ ਸੀ **ਗਾਂਧੀ ਦੇ ਨਾਲ਼ ਉਹਨਾਂ ਦੀ ਲੜਾਈ!**

ਇਨਾਂ ਸਾਰੇ ਕਾਰਨਾਂ ਦੇ ਇੱਕੋ ਵੇਲ਼ੇ ਹੋਣ ਨਾਲ਼ ਅੰਬੇਡਕਰ ਦੀ ਵਿਅਕਤੀ ਪੂਜਾ 'ਚ ਵੱਧ ਤੋਂ ਵੱਧ ਵਾਧਾ ਹੁੰਦਾ ਗਿਆ ਅਤੇ ਉਹ 'ਪ੍ਰੇਖਣ' ਤੋਂ ਉੱਪਰ ਹੋ ਗਏ।

ਜਿਸ ਗਾਂਧੀ 'ਚ ਸਾਰੇ ਹਿੰਦੂਆਂ ਦੀ ਸ਼ਰਧਾ ਹੋਵੇ ਉਸਦੇ ਵਿਰੁੱਧ ਅੰਬੇਡਕਰ ਇਸ ਤਰ੍ਹਾਂ ਦੇ ਦੁਰ-ਵਚਨਾਂ ਦੀ ਵਰਤੋਂ ਕਰ ਸਕਦੇ ਹਨ ਜਿਵੇਂ ਕਿ, 'ਹੋਛਾ ਅਤੇ ਪਖੰਡੀ', 'ਮਹਤੱਵਅਕਾਂਖਿਆਈ ਸਿਆਸਤਦਾਨ', 'ਚਲਾਕ' ਆਦਿ। ਪਰ ਅੰਬੇਡਕਰ ਭਾਵੇਂ ਜਿੰਨੀਆਂ ਗੱਲਾਂ ਕਰਨ ਅਤੇ ਭਾਵੇਂ ਜਿਸ ਤਰ੍ਹਾਂ ਦੀਆਂ ਗਲਤੀਆਂ ਕਰਨ, ਉਹਨਾਂ ਦੀ ਆਲੋਚਨਾ ਕੋਈ ਨਹੀਂ ਕਰ ਸਕਦਾ। ਇਹ ਦਲਿਤ ਬੁੱਧੀਜੀਵੀਆਂ ਦਾ ਨਿਯਮ ਹੈ ਜਿਹੜਾ ਵਿਅਕਤੀਵਾਦ ਤੋਂ ਪ੍ਰੇਰਿਤ ਹੈ। ਪਰ ਇਹ ਫ਼ਾਸੀਵਾਦੀ ਰਵੱਈਆ ਦਲਿਤਾਂ ਦੇ ਹਿੱਤਾਂ ਨੂੰ ਬਹੁਤ ਨੁਕਸਾਨ ਪਹੁੰਚਾ ਰਿਹਾ ਹੈ (ਜਾਂ, ਜੇਕਰ ਕਿ ਤੇਲੁਗੂ ਕਹਾਵਤ ਦੀ ਵਰਤੋਂ ਕਰੀਏ ਤਾਂ ਇਹ ਉਹਨਾਂ 'ਤੇ ਕੁਹਾੜੀ ਚਲਾ ਰਿਹਾ ਹੈ)।

ਕਿਸੇ ਵੀ ਵਿਅਕਤੀ ਜਾਂ ਕਿਸੇ ਵੀ ਸਿਧਾਂਤ ਨੂੰ ਇਮਤਿਹਾਨ 'ਚੋਂ ਗੁਜ਼ਰਨਾ ਚਾਹੀਦਾ ਹੈ ਅਤੇ ਇਸ 'ਤੇ ਖ਼ਰਾ ਉਤਰਨਾ ਚਾਹੀਦਾ ਹੈ। ਜੇਕਰ ਮੁਖੀ ਜਾਣੇ-ਅਣਜਾਣੇ ਕੋਈ ਗਲਤੀ ਕਰਦੇ ਹਨ ਤਾਂ ਉਹਨਾਂ ਦੇ ਪੈਰੋਕਾਰਾਂ ਨੂੰ ਚਾਹੀਦਾ ਹੈ ਕਿ ਉਸਨੂੰ ਠੀਕ ਕਰ ਦੇਣ। ਇਸ ਨਾਲ਼ ਮੁੱਖੀ ਦਾ ਨਿਰਾਦਰ ਨਹੀਂ ਹੋਵੇਗਾ। ਇਸ ਲਈ ਦਲਿਤ ਸ਼੍ਰੀਮਾਨਾਂ ਨੂੰ ਕੁਝ ਵਿਸ਼ੇਸ਼ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ।

1. ਸਮਾਜਿਕ ਸਬੰਧਾਂ ਦੇ ਪਰਿਪੇਖ 'ਚ ਬੁੱਧ ਧਰਮ ਨੂੰ ਵੀ ਨਕਾਰਨਾ ਹੋਵੇਗਾ। ਇਹ 'ਕਿਰਤ ਦੀ ਲੁੱਟ' ਦੀ ਹਿਮਾਇਤ ਕਰਦਾ ਹੈ। ਇਸ ਲਈ ਸਾਨੂੰ ਬੁੱਧ ਧਰਮ ਨੂੰ ਵੀ ਨਕਾਰਨਾ ਹੋਵੇਗਾ। ਕੁਦਰਤ ਅਤੇ ਸਮਾਜ ਬਾਰੇ ਸਾਨੂੰ ਤਾਰਕਿਕ ਨਜ਼ਰੀਆ ਅਪਣਾਉਣਾ ਹੋਵੇਗਾ।

2. ਸਾਨੂੰ ਕਿਸੇ ਵੀ ਮੌਕੇ 'ਤੇ ਕਦੇ ਵੀ ਜਾਤ ਦਾ ਵਰਨਣ ਨਹੀਂ ਕਰਨਾ ਚਾਹੀਦਾ ਸਿਵਾਏ ਉਸ ਮੌਕੇ ਨੂੰ ਛੱਡ ਕੇ ਜਦੋਂ ਕਿ ਅਰਜੀ ਦੇ ਫਾਰਮ ਭਰਨੇ ਹੋਣ। ਸਾਡਾ ਉਦੇਸ਼ ਇਹ ਹੋਣਾ ਚਾਹੀਦਾ ਹੈ ਕਿ ਜਾਤ-ਪਾਤ ਦੇ ਭੇਦ-ਭਾਵ ਨੂੰ ਨਾ ਮੰਨਿਆ ਜਾਵੇ।

3. ਸਾਨੂੰ ਇਹ ਮਹਿਸੂਸ ਕਰਨਾ ਚਾਹੀਦਾ ਹੈ ਕਿ ਸਾਡੇ ਜੀਵਨ 'ਚ ਨਾ-ਬਰਾਬਰੀ ਅਤੇ

ਗਲ਼ਬੇ ਦੇ ਸੰਦਰਭ 'ਚ ਮਾਰਕਸਵਾਦ ਹੀ ਸਟੀਕ ਅਤੇ ਬੇ-ਜੋੜ ਹੱਲ ਹੈ। ਸਾਨੂੰ ਇਸ ਸਿਧਾਂਤ ਨੂੰ ਸਿੱਖਣਾ ਹੋਵੇਗਾ।

4. ਕਿਸੇ ਵੀ ਅਧਿਆਪਕ ਜਾਂ ਲੀਡਰ ਦੇ ਉਪਦੇਸ਼ਾਂ 'ਚੋਂ ਸਾਨੂੰ ਸਹੀ ਗੱਲਾਂ ਗ੍ਰਹਿਣ ਕਰਨੀ ਹੋਣਗੀਆਂ ਅਤੇ ਗਲਤ ਗੱਲਾਂ ਛੱਡ ਦੇਣੀਆਂ ਹੋਣਗੀਆਂ। ਸਹੀ ਅਤੇ ਗਲਤ ਨੂੰ ਇੱਕ ਹੀ ਜਿਹਾ ਨਹੀਂ ਮੰਨਣਾ ਚਾਹੀਦਾ ਹੈ। ਭਾਵੇਂ ਸੁਨੇਹ ਹੋਵੇ ਜਾਂ ਇੱਜ਼ਤ, ਸਾਨੂੰ ਵਿਵੇਕ-ਵਿਹੂਣਾ ਨਹੀਂ ਹੋਣਾ ਚਾਹੀਦਾ ਹੈ।

5. ਸੰਸਾਰ 'ਚ ਕਿਤੋਂ ਦੇ ਵੀ ਕਿਸੇ ਅਧਿਆਪਕ, ਕਿਸੇ ਫਿਲਾਸਫਰ ਜਾਂ ਕਿਸੇ ਸਿਧਾਂਤਕਾਰ ਤੋਂ ਜਦੋਂ ਅਸੀਂ ਜਾਣੂ ਹੋਈਏ ਤਦ ਸਾਨੂੰ ਇਹ ਜਾਂਚ-ਪੜਤਾਲ਼ ਕਰਨੀ ਚਾਹੀਦੀ ਹੈ ਕਿ ਕਿਰਤ ਸਬੰਧਾਂ, ਸੰਪੱਤੀ ਹੱਕਾਂ, ਅਮੀਰੀ ਅਤੇ ਗਰੀਬੀ ਬਾਰੇ ਉਸਦਾ ਕੀ ਕਹਿਣਾ ਹੈ। ਸਾਨੂੰ ਇਹ ਸਮਝਣਾ ਹੋਵੇਗਾ ਕਿ ਉਸਦੇ ਉਪਦੇਸ਼ ਕਿਸ ਵੱਲ ਖੜ੍ਹੇ ਹਨ। ਜੇਕਰ ਅਸੀਂ ਇਸਨੂੰ ਨਹੀਂ ਸਮਝਾਂਗੇ ਤਾਂ ਅਸੀਂ ਸਮਾਜ 'ਚ ਕਿਸੇ ਵੀ ਗੱਲ ਨੂੰ ਨਹੀਂ ਸਮਝ ਸਕਦੇ। ਅਸੀਂ ਖੁਦ ਦੀ ਸੁਰੱਖਿਆ ਨਹੀਂ ਕਰ ਸਕਦੇ।

**ਠੀਕ ਹੈ ! ਪਰ, ਆਖਰ, ਅੰਬੇਡਕਰ ਹਨ ਕੀ ?**

ਅੰਬੇਡਕਰ ਜਿਹੇ ਵਿਅਕਤੀਆਂ ਬਾਰੇ, ਜਿਹੜੇ ਕਿ ਕਿਰਤੀਆਂ ਚੋਂ ਪੈਦਾ ਹੋਏ, ਸਿੱਖਿਆ ਹਾਸਲ ਕੀਤੀ, ਭਾਸ਼ਾਵਾਂ ਦਾ ਅਧਿਐਨ ਕੀਤਾ ਪਰ ਜਿਹੜੇ ਕਿਰਤੀਆਂ ਦੇ ਹਿੱਤਾਂ ਨੂੰ ਨਹੀਂ ਸਮਝ ਸਕੇ, ਮਾਰਕਸ ਨੇ ਇੱਕ ਵਿਚਾਰ ਪੇਸ਼ ਕੀਤਾ ਹੈ। ਇਸ ਸੰਦਰਭ 'ਚ ਇਸਦਾ ਵਰਨਣ ਕਰਨਾ ਉਚਿੱਤ ਹੋਵੇਗਾ–

"**ਹਾਕਮ ਜਮਾਤ, ਮਹਿਕੂਮ ਜਮਾਤ ਦੇ ਮੋਹਰੀ ਦਿਮਾਗਾਂ ਨੂੰ ਆਤਮਸਾਤ ਕਰਨ 'ਚ ਜਿੰਨੀਂ ਵੱਧ ਸਮਰੱਥ ਹੁੰਦੀ ਹੈ, ਉਸਦੀ ਹਕੂਮਤ ਵੀ ਓਨੀ ਹੀ ਵੱਧ ਸਥਿਰ ਅਤੇ ਮਾਰੂ ਹੁੰਦੀ ਹੈ**" (ਪੂੰਜੀ ਭਾਗ 3, ਪੰਨਾ 601, ਮਾਸਕੋ ਐਡੀਸ਼ਨ (ਅੰਗਰੇਜ਼ੀ), 1971)।

ਅੰਬੇਡਕਰ ਅਜਿਹੇ ਪੜ੍ਹੇ-ਲਿਖੇ ਵਿਅਕਤੀ ਹਨ ਜਿਨ੍ਹਾਂ ਨੇ ਸਵੈ-ਇੱਛਾ ਨਾਲ਼ ਖੁਦ ਨੂੰ ਹਾਕਮ ਜਮਾਤ 'ਚ ਆਤਮਸਾਤ ਕਰ ਲਿਆ !

**ਇੱਕ ਭਰਮਗ੍ਰਸਤ ਬੁੱਧੀਜੀਵੀ !**

●●●●●



ਸ਼ਹੀਦ ਭਗਤ ਸਿੰਘ
ਯਾਦਗਾਰੀ ਪ੍ਰਕਾਸ਼ਨ,
ਲੁਧਿਆਣਾ

ਕੀਮਤ — 10. ਰੁਪਏ